# ਇੱਕ ਮਾਰਗਦਰਸ਼ਕ

ਪ੍ਰਭੂ ਤੁਹਾਨੂੰ ਅਸੀਸ ਦੇਵੇ, ਭਾਈ ਨੇਵਿਲ।

ਅੱਜ ਰਾਤ ਚਰਚ ਵਿੱਚ ਵਾਪਸ ਆ ਕੇ ਬਹੁਤ ਖੁਸ਼ ਹਾਂ। ਬਸ ਗਲਾ ਥੋੜ੍ਹਾ ਜਿਹਾ ਬੈਠਾ ਹੋਇਆ ਹੈ। ਅੱਜ ਸਵੇਰੇ ਇੱਕ ਤਰ੍ਹਾਂ ਨਾਲ ਲੰਮਾ ਸੰਦੇਸ਼ ਸੀ, ਅਤੇ ਮੈਂ ਖੁਸ਼ ਹਾਂ ਕਿ ਇਹ ਇੱਥੇ ਸੀ। ਮੈਂ ਖੁਦ ਵੀ ਇਸ ਦਾ ਆਨੰਦ ਲਿਆ, ਇਸ ਨੂੰ ਪੇਸ਼ ਕਰਦੇ ਹੋਏ, ਅਤੇ ਮੈਂ ਆਸ ਕਰਦਾ ਹਾਂ ਕਿ ਤੁਸੀਂ ਵੀ ਇਸ ਨੂੰ ਸੁਣਦੇ ਹੋਏ ਆਨੰਦ ਮਾਣਿਆ ਹੋਵੇਗਾ। [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.]

2 ਹੁਣ ਨਾ ਭੁੱਲੋ, ਹਮੇਸ਼ਾ ਇਹ ਯਾਦ ਰੱਖੋ, ਕਿ ਇਹ ਉਹ ਚੀਜ਼ਾਂ ਹਨ ਜੋ ਮਸੀਹ ਦੇ ਸੇਵਕ ਨੂੰ ਤਿਆਰ ਕਰਦੀਆਂ ਹਨ। ਦੇਖੋ, ਪਹਿਲਾਂ ਵਿਸ਼ਵਾਸ, ਫਿਰ ਸਦਗੁਣ। ਅਤੇ ਹੁਣ ਯਾਦ ਰੱਖੋ, ਜਦੋਂ ਤੱਕ ਇਹ ਚੀਜ਼ਾਂ ਆਤਮਾ ਦੁਆਰਾ ਸੰਚਾਲਿਤ ਨਹੀਂ ਹੁੰਦੀਆਂ, ਪਵਿੱਤਰ ਆਤਮਾ ਪਰਮੇਸ਼ੁਰ ਦੀ ਇਮਾਰਤ ਨੂੰ ਪੂਰਾ ਨਹੀਂ ਕਰ ਸਕਦਾ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕੀ ਕਰਦੇ ਹੋ, ਵੇਖੋ। ਇਹ ਉਹ ਚੀਜਾਂ ਹਨ ਜੋ ਮਸੀਹ ਦੀ ਦੇਹ ਦਾ ਨਿਰਮਾਣ ਕਰਦੀਆਂ ਹਨ, ਵੇਖੋ, ਉਹ ਚੀਜਾਂ। ਹੁਣ, ਇਹ ਨਾ ਭੁੱਲੋ ਕਿ, ਕਿ *ਇੱਥੇ* ਇਹ ਚੀਜ ਸਭ ਤੋਂ ਪਹਿਲਾਂ ਹੈ, ਇਹ ਤੁਹਾਡਾ ਵਿਸ਼ਵਾਸ ਹੈ। ਸਦਗੁਣ, ਗਿਆਨ, ਅਤੇ ਹੋਰ ਬਹੁਤ ਕੁਝ, ਇਸ ਵਿੱਚ ਜੋੜਿਆ ਜਾਣਾ ਹੈ, ਜਦੋਂ ਤੱਕ ਮਸੀਹ ਦਾ ਪੂਰਾ ਡੀਲ ਡੌਲ ਪ੍ਰਗਟ ਨਹੀਂ ਹੋ ਜਾਂਦਾ, ਤਦ ਪਵਿੱਤਰ ਆਤਮਾ ਇਸ ਉੱਤੇ ਆਉਂਦਾ ਹੈ ਅਤੇ ਇਸ ਨੂੰ ਇੱਕ ਸਰੀਰ ਦੇ ਰੂਪ ਵਿੱਚ ਮੋਹਰਬੰਦ ਕਰਦਾ ਹੈ। ਇਹ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ। ਇਸ ਲਈ, ਯਿਸੂ ਨੇ ਕਿਹਾ, "ਉਹ ਆਪਣੇ ਫਲਾਂ ਦੁਆਰਾ ਪਛਾਣੇ ਜਾਂਦੇ ਹਨ।" ਦੇਖੋ, ਫਲ! ਤੁਸੀਂ ਇਨ੍ਹਾਂ ਚੀਜਾਂ ਦੇ ਆਪਣੇ ਅੰਦਰ ਹੋਣ ਤੋਂ ਬਗੈਰ ਫਲ ਨਹੀਂ ਦੇ ਸਕਦੇ ਸੀ। ਅਤੇ ਫਿਰ ਜਦੋਂ ਇਹ ਸਾਰੀਆਂ ਚੀਜ਼ਾਂ ਦੁਨੀਆਦਾਰੀ ਅਤੇ—ਅਤੇ ਅਧਰਮ ਆਦਿ ਦੀ ਜਗ੍ਹਾ ਲੈਂਦੀਆਂ ਹਨ, ਤਦ ਸਾਰਾ ਅਵਿਸ਼ਵਾਸ ਬਾਹਰ ਕੱਢ ਦਿੱਤਾ ਜਾਂਦਾ ਹੈ, ਤਦ ਸੰਸਾਰ ਦੀਆਂ ਸਾਰੀਆਂ ਚੀਜਾਂ ਖਤਮ ਹੋ ਜਾਂਦੀਆਂ ਹਨ, ਫਿਰ ਉੱਥੇ ਮਸੀਹ ਵਿੱਚ ਇੱਕ ਨਵੇਂ ਪ੍ਰਾਣੀ ਤੋਂ ਇਲਾਵਾ ਕੁਝ ਨਹੀਂ ਹੁੰਦਾ। ਅਤੇ ਫਿਰ ਅਫ਼ਸੀਆਂ 4:30 ਕਹਿੰਦਾ ਹੈ, "ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਉਦਾਸ ਨਾ ਕਰੋ, ਜਿਸ ਦੁਆਰਾ ਤੁਹਾਡੀ ਮੁਕਤੀ ਦੇ ਦਿਨ ਲਈ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ।" ਪਰਮੇਸ਼ੁਰ ਦੇ ਰਾਜ ਵਿੱਚ ਮੋਹਰਬੰਦ! ਹੁਣ, ਉਸ ਨੂੰ ਨਾ ਭੁੱਲੋ। ਹੁਣ ਉਸ ਨੂੰ ਧਿਆਨ ਵਿੱਚ ਰੱਖੋ, ਪਹਿਲਾਂ *ਇਹਨਾਂ* ਗੱਲਾਂ ਨੂੰ ਲਓ। ਤਾਂ ਫਿਰ ਮੋਹਰ

ਪਵਿੱਤਰ ਆਤਮਾ ਹੈ, ਉਹ ਸਿਰੇ ਦਾ ਢੱਕਣ ਜੋ ਸਾਨੂੰ ਸਰੀਰ ਵਿੱਚ ਮੋਹਰਬੰਦ ਕਰਦਾ ਹੈ। ਠੀਕ ਹੈ।

3 ਹੁਣ ਸਾਡੇ ਕੋਲ ਇੱਕ—ਇੱਕ ਭੈਣ ਲਿਟਲ ਲਈ ਬੇਨਤੀ ਆਈ ਹੈ, ਜੋ ਸ਼ਿਕਾਗੋ ਤੋਂ ਹੈ, ਉਸਦਾ ਪਤੀ ਇੱਕ ਨਾਲ ਇੱਕ ਮੋਟਰ ਗੱਡੀ ਦੁਰਘਟਨਾ ਹੋਈ ਸੀ ਅਤੇ ਮੌਤ ਦੇ ਕਿਨਾਰੇ ਤੇ ਪਿਆ ਹੋਇਆ ਹੈ, ਭੈਣ ਲਿਟਲ। ਅਤੇ ਐਡੀਥ ਰਾਈਟ, ਇੱਥੇ ਸਾਡੀ ਛੋਟੀ ਭੈਣ ਜਿਸ ਨੂੰ ਅਸੀਂ ਲੰਬੇ ਸਮੇਂ ਤੋਂ ਜਾਣਦੇ ਹਾਂ, ਉਹ ਅੱਜ ਰਾਤ ਆਪਣੇ ਘਰ ਬਹੁਤ, ਬਹੁਤ ਬੁਰੀ ਹਾਲਤ ਵਿੱਚ ਹੈ, ਅਤੇ ਉਹ ਕਲੀਸੀਆ ਲਈ ਇਸਦੀ ਘੋਸ਼ਣਾ ਕਰਨਾ ਚਾਹੁੰਦੇ ਸਨ ਤਾਂ ਜੋ ਅਸੀਂ ਸਾਰੇ ਇਸ ਬੇਨਤੀ ਲਈ ਇਕੱਠੇ ਪ੍ਰਾਰਥਨਾ ਕਰੀਏ। ਅਤੇ ਆਓ ਹੁਣ ਅਸੀਂ ਇੱਕ ਪਲ ਲਈ ਆਪਣੇ ਸਿਰ ਝੁਕਾਈਏ।

4 ਸਾਡੇ ਅਨਮੋਲ, ਸਵਰਗੀ ਪਿਤਾ, ਅਸੀਂ (ਵਿਸ਼ਵਾਸ ਦੁਆਰਾ) ਪਰਮੇਸ਼ੁਰ ਦੇ ਸਿੰਘਾਸਣ ਦੇ ਦੁਆਲੇ ਇਕੱਠੇ ਹੋ ਰਹੇ ਹਾਂ, ਅਤੇ ਅਸੀਂ ਇਹਨਾਂ ਬੇਨਤੀਆਂ ਲਈ ਰੱਬੀ ਦਇਆ ਦੀ ਮੰਗ ਕਰ ਰਹੇ ਹਾਂ। ਭਾਈ ਲਿਟਲ, ਇੱਕ ਕਾਰ ਹਾਦਸੇ ਵਿੱਚ, ਮੌਤ ਦੇ ਨੇੜੇ ਹਨ। ਪਰਮੇਸ਼ੁਰ, ਉਸਦੀ ਮਦਦ ਕਰੋ। ਪਵਿੱਤਰ ਆਤਮਾ ਉਸਦੇ ਬਿਸਤਰੇ ਦੇ ਕੋਲ ਹੋਵੇ ਅਤੇ ਉਸਨੂੰ ਸਾਡੇ ਕੋਲ ਵਾਪਸ ਲਿਆਵੇ, ਪ੍ਰਭੂ। ਅਤੇ ਉੱਥੇ ਛੋਟੀ ਐਡੀਥ ਰਾਈਟ, ਮੈਂ ਪ੍ਰਾਰਥਨਾ ਕਰਦਾ ਹਾਂ, ਕਿ ਪਵਿੱਤਰ ਆਤਮਾ ਅੱਜ ਰਾਤ ਉਸਦੇ ਬਿਸਤਰੇ ਦੇ ਕੋਲ ਹੋਵੇਗਾ ਅਤੇ ਉਸਦੀ ਸਿਹਤ ਨੂੰ ਦੁਬਾਰਾ ਉਸ ਲਈ ਬਹਾਲ ਕਰੇਗਾ। ਇਹ ਬਖਸ਼ ਦਿਓ, ਪਿਤਾ। ਤੁਸੀਂ ਇਨ੍ਹਾਂ ਗੱਲਾਂ ਦਾ ਵਾਅਦਾ ਕੀਤਾ ਹੈ, ਅਤੇ ਅਸੀਂ ਉਨ੍ਹਾਂ ਤੇ ਵਿਸ਼ਵਾਸ ਕਰਦੇ ਹਾਂ। ਅਤੇ ਜਿਵੇਂ ਅਸੀਂ ਅੱਜ ਸਵੇਰੇ ਸੋਚ ਰਹੇ ਸੀ, ਉਹ ਦੂਰੀ ਤੁਹਾਡੇ ਲਈ ਕੋਈ ਮਾਇਨੇ ਨਹੀਂ ਰੱਖਦੀ, ਤੁਸੀਂ ਸੰਸਾਰ ਦੇ ਇੱਕ ਹਿੱਸੇ ਵਿੱਚ ਜਿੰਨੇ ਮਹਾਨ ਹੋ, ਉਨਾ ਹੀ ਦੂਜੇ ਹਿੱਸੇ ਵਿੱਚ ਵੀ ਹੋ, ਕਿਉਂਕਿ ਤੁਸੀਂ ਸਰਬ-ਵਿਆਪਕ, ਸਰਬ-ਸ਼ਕਤੀਮਾਨ, ਅਤੇ ਅਨੰਤ ਹੋ। ਅਤੇ ਅਸੀਂ ਪ੍ਰਾਰਥਨਾ ਕਰਦੇ ਹਾਂ, ਪਿਤਾ, ਕਿ ਤੁਸੀਂ ਯਿਸੂ ਮਸੀਹ ਦੇ ਨਾਮ ਦੁਆਰਾ ਇਹਨਾਂ ਬੇਨਤੀਆਂ ਨੂੰ ਪੂਰਾ ਕਰੋਗੇ। ਆਮੀਨ।

5 ਅੱਜ ਰਾਤ ਨੂੰ ਦੁਬਾਰਾ ਆਉਣ ਲਈ ਬਹੁਤ ਖੁਸ਼ ਹਾਂ, ਕਰਨ ਲਈ… ਅਤੇ ਮੈਂ ਜਾਣਦਾ ਹਾਂ ਕਿ ਗਰਮੀ ਹੈ। ਇਹ ਲਗਾਤਾਰ ਤਿੰਨ ਸਭਾਵਾਂ ਹਨ, ਅਤੇ ਇਹ…ਮੈਂ ਜਾਣਦਾ ਹਾਂ ਕਿ ਤੁਹਾਡੇ ਵਿੱਚੋਂ ਕੁਝ ਨੇ ਹੁਣ ਅਤੇ ਸਵੇਰੇ ਦਰਮਿਆਨ ਪੰਜ ਸੌ ਮੀਲ ਗੱਡੀ ਚਲਾਉਣੀ ਹੈ। ਅਤੇ ਪਰਸੋਂ ਦੇ ਬਾਅਦ, ਮੈਨੂੰ ਇਸ ਤੋਂ ਬਾਅਦ ਚੌਦਾਂ ਸੌ ਮੀਲ ਗੱਡੀ ਚਲਾਉਣੀ ਪਵੇਗੀ। ਇਸ ਲਈ, ਇਸ ਲਈ ਮੈਨੂੰ—ਮੈਨੂੰ ਯਕੀਨ ਹੈ ਕਿ ਇਹ ਤੁਹਾਡੇ ਸਾਰਿਆਂ ਲਈ ਬਹੁਤ ਵਧੀਆ ਸਮਾਂ

ਰਿਹਾ ਹੈ। ਅਤੇ ਮੇਰੇ ਕੋਲ ਵੀ ਤੁਹਾਡੇ ਨਾਲ ਨਾਲ ਮਿਲਣ ਦਾ ਇੱਕ ਸ਼ਾਨਦਾਰ ਸਮਾਂ ਸੀ। ਇੱਥੇ ਸਿਰਫ ਇੱਕ ਚੀਜ਼ ਹੈ ਜਿਸ ਲਈ ਅਸੀਂ ਬੇਨਤੀ ਕੀਤੀ ਹੈ, ਬਹੁਤ ਸਾਰੇ ਲੋਕਾਂ ਨੂੰ ਮੋੜਨਾ ਪਿਆ ਕਿਉਂਕਿ ਕੋਈ ਜਗ੍ਹਾ ਨਹੀਂ ਹੈ, ਅਸੀਂ ਗਲੀਆਂ ਨੂੰ ਬਹੁਤ ਜ਼ਿਆਦਾ ਜਾਮ ਨਹੀਂ ਕਰ ਸਕਦੇ, ਅੱਗ ਬੁਝਾਊ ਵਿਭਾਗ ਇਸ ਵਾਸਤੇ ਨੇ ਮੰਜ਼ੂਰੀ ਨਹੀਂ ਦੇਵੇਗਾ। ਇਸ ਲਈ ਅਸੀਂ ਹੁਣ ਥੋੜਾ ਵੱਡਾ ਚਰਚ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਤਾਂ ਜੋ ਜਦੋਂ ਅਸੀਂ ਅੰਦਰ ਹੋਈਏ, ਤਾਂ ਸਾਡੇ ਕੋਲ ਲੋਕਾਂ ਦੇ ਬੈਠਣ ਲਈ ਜਗ੍ਹਾ ਹੋਵੇ।

6 ਅਤੇ ਹੁਣ, ਕਿਸੇ ਵੀ ਸਮੇਂ, ਡੇਰੇ ਵਿੱਚ ਤੁਹਾਡਾ ਹਮੇਸ਼ਾ ਸੁਆਗਤ ਹੈ, ਜਿੱਥੇ ਸਾਡੇ ਕੋਲ ਮਸੀਹ ਦੇ ਸਿਵਾਏ ਕੋਈ ਧਰਮ ਨਹੀਂ, ਪ੍ਰੇਮ ਦੇ ਸਿਵਾਏ ਕੋਈ ਕਾਨੂੰਨ ਨਹੀਂ, ਅਤੇ ਬਾਈਬਲ ਦੇ ਸਿਵਾਏ ਕੋਈ ਕਿਤਾਬ ਨਹੀਂ ਹੈ। ਅਤੇ ਤਾਂ...ਅਤੇ ਇੱਥੇ ਸਾਡਾ ਪਾਸਟਰ ਭਾਈ ਔਰਮੈਨ ਨੇਵਿਲ ਹੈ। ਅਤੇ ਸਾਡੇ ਕੋਲ ਇੱਥੇ ਬਹੁਤ ਸਾਰੇ ਲੋਕਾਂ ਦੀ—ਦੀ ਕਲੀਸਿਯਾ ਹੈ ਜੋ ਇੱਕ ਅੰਤਰਜਾਤੀ ਤੰਬੂ ਦੇ ਰੂਪ ਵਿੱਚ ਇਕੱਠੇ ਹੁੰਦੇ ਹਨ, ਜਿੱਥੇ ਤੁਸੀਂ ਇੱਥੇ ਆਉਂਦੇ ਹੋ ਅਤੇ ਆਪਣੀ ਅੰਤਹਕਰਣ ਦੇ ਅਨੁਸਾਰ ਪਰਮੇਸ਼ੁਰ ਦੀ ਭਗਤੀ ਕਰਦੇ ਹੋ। ਅਸੀਂ ਹਮੇਸ਼ਾਂ ਤੁਹਾਨੂੰ ਦੇਖ ਕੇ ਖੁਸ਼ ਹੁੰਦੇ ਹਾਂ। ਇਸ ਲਈ ਜਦੋਂ ਵੀ ਤੁਸੀਂ ਆ ਸਕਦੇ ਹੋ ਆਓ, ਸਾਨੂੰ ਤੁਹਾਡਾ ਸਵਾਗਤ ਕਰਕੇ ਹਮੇਸ਼ਾਂ ਖੁਸ਼ੀ ਹੋਵੇਗੀ।

7 ਅਤੇ ਹੁਣ ਅਗਲੀ ਵਾਰ, ਜਿੱਥੋਂ ਤੱਕ ਮੈਂ ਜਾਣਦਾ ਹਾਂ, ਤੁਹਾਡੇ ਨਾਲ ਹੋਣਾ, ਚਰਚ ਦੀ ਉਸਾਰੀ ਦੇ ਪੂਰੇ ਹੋਣ ਤੋਂ ਬਾਅਦ ਹੋਵੇਗਾ। ਅਤੇ ਮੈਂ ਫਿਰ, *ਕਲੀਸਿਯਾ ਯੁੱਗਾਂ* ਤੋਂ ਬਾਅਦ, ਉੱਥੇ ਅਸੀਂ ਫਿਰ ਅਸੀਂ ਆਖਰੀ ਸੱਤ *ਮੋਹਰਾਂ* ਤੇ ਜਾਣਾ ਚਾਹੁੰਦੇ ਹਾਂ, ਅਤੇ ਪਰਕਾਸ਼ ਦੀ ਪੋਥੀ ਵਿੱਚ ਆਖਰੀ ਸੱਤ *ਮੋਹਰਾਂ* ਤੇ, ਉਨ੍ਹਾਂ ਨੂੰ ਸਿਖਾਉਣ ਲਈ।

8 ਅਤੇ ਹੁਣ ਬਹੁਤ ਵਾਰ ਬਿਮਾਰ ਅਤੇ ਦੁਖੀ ਆਉਂਦੇ ਹਨ, ਅਤੇ ਇਹਨਾਂ ਸਭਾਵਾਂ ਦੌਰਾਨ, ਜਿੱਥੇ ਦਰਸ਼ਨਾਂ ਦੀ ਲੋੜ ਹੁੰਦੀ ਹੈ, ਅਤੇ ਵਿਸ਼ੇਸ਼ ਇੰਟਰਵਿਊ ਲਈ ਆਉਂਦੇ ਹਨ। ਜੇ ਮੈਂ ਇਸ ਵਿੱਚ ਆ ਜਾਂਦਾ ਹਾਂ, ਤਾਂ ਮੈਂ—ਮੈਂ ਉਹਨਾਂ ਵਿਚਕਾਰ ਫਰਕ ਨਹੀਂ ਸਮਝ ਸਕਦਾ, ਅਤੇ, ਨਹੀਂ, ਉਸ ਤੋਂ ਬਾਅਦ ਮੇਰੇ ਲਈ ਬੋਲਣਾ ਮੁਸ਼ਕਲ ਹੋ ਜਾਂਦਾ ਹੈ। ਅਤੇ ਹਰ ਕੋਈ ਜਾਣਦਾ ਹੈ ਕਿ ਸਾਡੀਆਂ ਚੰਗਾਈ ਮੁਹਿੰਮਾਂ ਵਿੱਚ, ਆਮ ਤੌਰ ਤੇ ਮਿਸਟਰ ਬੈਕਸਟਰ ਜਾਂ ਕੋਈ ਵਿਅਕਤੀ ਪ੍ਰਚਾਰ ਕਰਦਾ ਹੈ, ਅਤੇ ਮੈਂ ਬਿਮਾਰਾਂ ਲਈ ਪ੍ਰਾਰਥਨਾ ਕਰਨ ਲਈ ਬਾਹਰ ਆਉਂਦਾ ਹਾਂ, ਕਿਉਂਕਿ ਇਹ ਥੋੜਾ ਜਿਹਾ ਮੁਸ਼ਕਲ ਹੈ। ਅਤੇ ਮੈਂ ਕੁਝ ਪਲ ਪਹਿਲਾਂ ਕੁਝ ਲੋਕਾਂ ਲਈ ਪ੍ਰਾਰਥਨਾ ਕਰ ਰਿਹਾ ਸੀ, ਅਤੇ ਫਿਰ ਮੈਂ ਇੱਥੇ ਇੱਕ ਛੋਟੇ ਬੱਚੇ ਨੂੰ ਮਿਲਿਆ ਜਿਸ ਨੂੰ ਡਾਕਟਰਾਂ ਨੇ...ਇਸਦੀ ਪਿੱਠ

ਵਿੱਚ ਕੋਈ ਚੀਜ਼ ਸੀ, ਇਹ ਜਨਮ ਤੋਂ ਹੀ ਸੀ। ਬਾਹਰ ਆਉਂਦੇ ਹੋਏ, ਮੈਂ ਉਸ ਨੂੰ ਇੱਕ ਸਾਂਚੇ ਵਿੱਚ ਬੈਠੇ ਵੇਖਿਆ। ਉਸ ਬੱਚੇ ਨੇ ਕਦੇ ਵੀ ਇਸ ਤਰ੍ਹਾਂ ਅਪਾਹਜ ਨਹੀਂ ਹੋਣਾ ਸੀ, ਇਹ ਚੰਗਾ ਹੋ ਜਾਵੇਗਾ। ਯਕੀਨਨ, ਇਹ ਹੈ, ਦੇਖੋ। ਇਹ ਹੈ, ਮੈਂ ਇਹ ਜਾਣਦਾ ਹਾਂ। ਦੇਖੋ, ਮੈਂ ਇਸ ਬਾਰੇ ਸਕਾਰਾਤਮਕ ਹਾਂ। ਇਸ ਲਈ ਅਸੀਂ ਆਪਣੀ ਨਿਹਚਾ ਰੱਖਣੀ ਚਾਹੁੰਦੇ ਹਾਂ ਅਤੇ ਪਰਮੇਸ਼ੁਰ ਵਿੱਚ ਵਿਸ਼ਵਾਸ ਕਰਨਾ ਚਾਹੁੰਦੇ ਹਾਂ।

9 ਤੁਹਾਡੇ ਵਿੱਚੋਂ ਹਰ ਇੱਕ, ਅਤੇ ਤੁਹਾਡੇ ਵਿੱਚੋਂ ਬਹੁਤ ਸਾਰੇ ਮੇਰੇ ਲਈ ਅਜਨਬੀ ਹਨ, ਸਾਰੇ ਸੇਵਕ ਅਤੇ ਹੋਰ ਵੀ। ਜੇ ਮੈਂ ਗਲਤ ਨਹੀਂ ਹਾਂ, ਤਾਂ ਇਹ ਭਾਈ ਕ੍ਰੇਜ਼ ਹੈ। ਕੀ ਇਹ ਸਹੀ ਹੈ? ਭਾਈ ਕ੍ਰੇਸ, ਮੈਨੂੰ—ਮੈਨੂੰ ਤੁਹਾਡੇ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ, ਕਿ ਮੈਂ ਉਸ ਸਮਰਪਣ ਤੇ ਉੱਥੇ ਨਹੀਂ ਪਹੁੰਚ ਸਕਿਆ। ਹੋ ਸਕਦਾ ਹੈ ਕਿ ਮੈਂ ਇੱਕ ਹਫ਼ਤੇ ਦੇ ਅੰਤ ਸਭਾ ਲਈ ਉੱਥੇ ਜਾਵਾਂ, ਉਹ ਵੀ ਬਿਲਕੁਲ ਉਨਾ ਹੀ ਚੰਗਾ ਹੋਵੇਗਾ। ਕੀ ਇਹ ਸਹੀ ਹੈ? ਬਲੂਮਿੰਗਟਨ ਵਿਖੇ। ਕੀ ਤੁਸੀਂ ਚੰਗਾ ਕਰ ਰਹੇ ਹੋ? ਚੰਗਾ। ਮੇਰਾ ਮੰਨਣਾ ਹੈ ਕਿ ਇੱਥੇ ਭਾਈਆਂ ਵਿੱਚੋਂ ਕੁਝ ਸੇਵਕ ਹਨ। ਕੀ ਤੁਸੀਂ ਸੇਵਕ ਹੋ? ਹਾਂ, ਸ਼੍ਰੀਮਾਨ। ਪ੍ਰਭੂ ਤੁਹਾਨੂੰ ਅਸੀਸ ਦੇਵੇ। ਅਤੇ ਇਮਾਰਤ ਵਿੱਚ ਕਿੰਨੇ ਸੇਵਕ ਹਨ, ਆਓ ਤੁਹਾਡਾ ਹੱਥ ਵੇਖੀਏ। ਖੈਰ, ਇਹ ਬਸ ਠੀਕ ਹੈ। ਅਸੀਂ ਤੁਹਾਨੂੰ ਇੱਥੇ ਪਾ ਕੇ ਖੁਸ਼ ਹਾਂ, ਬਹੁਤ ਖੁਸ਼ ਹਾਂ। ਪਰਮੇਸ਼ੁਰ ਤੁਹਾਨੂੰ ਸਦਾ ਆਸ਼ੀਸ਼ ਦੇਵੇ!

10 ਹੁਣ, ਤਾਂ ਜੋ ਅਸੀਂ ਸੱਚਮੁੱਚ ਜਲਦੀ ਨਿਕਲ ਸਕੀਏ, ਕੁਝ ਲੋਕ ਜਾਰਜੀਆ, ਟੈਨੇਸੀ ਵੱਲ ਜਾ ਰਹੇ ਹਨ, ਨਿਊਯਾਰਕ, ਹਰ ਥਾਂ, ਅੱਜ ਰਾਤ ਤੋਂ, ਅੱਜ ਰਾਤ ਤੋਂ ਸਫ਼ਰ ਸ਼ੁਰੂ ਕਰਦੇ ਹੋਏ। ਹੁਣ, ਸੜਕ ਤੇ ਧਿਆਨ ਨਾਲ ਗੱਡੀ ਚਲਾਓਣਾ। ਜੇ ਤੁਹਾਨੂੰ ਨੀਂਦ ਆਵੇ, ਅਤੇ ਤੁਸੀਂ ਮੋਟਲ ਵਿੱਚ ਨਹੀਂ ਜਾਣਾ ਚਾਹੁੰਦੇ, ਤਾਂ ਸੜਕ ਦੇ ਪਾਸ ਗੱਡੀ ਰੋਕ ਕੇ ਸੋ ਜਾਓ ਜਦੋਂ ਤੱਕ…ਮੈਂ ਇਸੇ ਤਰ੍ਹਾਂ ਕਰਦਾ ਹਾਂ। ਦੇਖੋ, ਸੜਕ ਤੋਂ ਗੱਡੀ ਉਤਾਰੋ ਅਤੇ ਸੌਂ ਜਾਓ। ਨਾ ਕਰੋ, ਜਦੋਂ ਤੁਸੀਂ ਨੀਂਦ ਵਿੱਚ ਹੋਵੋ ਤਾਂ ਗੱਡੀ ਨਾ ਚਲਾਓ। ਇਹ ਇੱਕ ਬੁਰੀ ਗੱਲ ਹੈ। ਅਤੇ ਯਾਦ ਰੱਖੋ, ਇਹ ਸਿਰਫ਼ ਤੁਹਾਡੇ ਬਾਰੇ ਨਹੀਂ ਹੈ, ਤੁਹਾਨੂੰ ਅਗਲੇ ਬੰਦੇ ਦਾ ਧਿਆਨ ਵੀ ਰੱਖਣਾ ਪੈਂਦਾ ਹੈ। ਸਮਝੇ? ਤੁਸੀਂ ਜਾਣਦੇ ਹੋ ਕਿ ਤੁਸੀਂ ਕਿੱਥੇ ਜਾ ਰਹੇ ਹੋ, ਤੁਹਾਨੂੰ ਨਹੀਂ ਪਤਾ ਕਿ ਉਹ ਕਿੱਥੇ ਜਾ ਰਿਹਾ ਹੈ, ਇਸ ਲਈ—ਇਸ ਲਈ ਤੁਹਾਨੂੰ ਉਸ ਬੰਦੇ ਦਾ ਧਿਆਨ ਰੱਖਣਾ ਪੈਂਦਾ ਹੈ। ਇਸ ਲਈ, ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਹਰ ਸਮੇਂ ਚੌਕਸ ਰਹੋ, ਇਸਦੀ ਨਿਗਰਾਨੀ ਕਰਨ ਲਈ।

11 ਹੁਣ, ਮੈਂ ਅੱਜ ਰਾਤ ਨੂੰ ਮੈਂ ਵਚਨ ਦੇ ਉਸ ਹਿੱਸੇ ਨੂੰ ਪੜ੍ਹਨਾ ਚਾਹੁੰਦਾ ਹਾਂ

ਜੋ ਸੰਤ ਯੁਹੰਨਾ ਦੀ ਕਿਤਾਬ ਵਿੱਚ ਪਾਇਆ ਜਾਂਦਾ ਹੈ। ਹੁਣ, ਇਹ ਛੋਟੀਆਂ ਲਿਖਤਾਂ ਜੋ ਅਸੀਂ ਪੜ੍ਹਦੇ ਅਤੇ ਹਵਾਲਾ ਦਿੰਦੇ ਹਾਂ, ਸਾਨੂੰ ਉਸ ਲਈ ਇੱਕ ਬੁਨਿਆਦ ਦੇਣ ਲਈ ਹਨ ਜੋ ਅਸੀਂ ਕਹਿਣ ਦੀ ਕੋਸ਼ਿਸ਼ ਕਰ ਰਹੇ ਹਾਂ। ਅਤੇ ਹਮੇਸ਼ਾਂ, ਮੇਰੇ ਨਾਲ ਇੱਕ ਵਾਰ ਵੀ ਨਹੀਂ ਹੋਇਆ, ਜਿੱਥੋਂ ਤਕ ਮੈਨੂੰ ਯਾਦ ਹੈ, ਕਿ ਕਦੇ ਵੀ ਪੁਲਪਿਟ ਤੇ ਆਇਆ ਹੋਵਾਂ, ਸਿਰਫ ਇਸ ਲਈ ਕਿ ਕੁਝ ਕਹਿਣ ਦੀ ਕੌਸ਼ਿਸ ਕਰਾਂ। ਮੈਂ ਹਮੇਸ਼ਾ ਕੋਸ਼ਿਸ਼ ਕਰਦਾ ਹਾਂ ਕਿ ਮੈਂ ਰੁਕਾਂ, ਦੇਖਾਂ, ਅਧਿਐਨ ਕਰਾਂ, ਪ੍ਰਾਰਥਨਾ ਕਰਾਂ, ਜਦੋਂ ਤਕ ਮੈਨੂੰ ਮਹਿਸੂਸ ਹੋਵੇ ਕਿ ਮੇਰੇ ਕੋਲ ਲੋਕਾਂ ਦੀ ਮਦਦ ਕਰਨ ਲਈ ਕੁਝ ਹੈ। ਜੇ ਮੈਂ ਮਦਦ ਨਹੀਂ ਕਰ ਸਕਦਾ, ਤਾਂ ਮੇਰੇ ਇੱਥੇ ਖੜ੍ਹੇ ਹੋਣ ਦੀ ਕੋਈ ਲੋੜ ਨਹੀਂ, ਸਮਝੇ। ਇਹ ਹੈ, ਮਦਦ ਕਰਨ ਦੀ ਕੋਸ਼ਿਸ਼ ਕਰਨਾ! ਅਤੇ ਹੁਣ ਅੱਜ ਰਾਤ, ਅਸਲ ਵਿੱਚ, ਸਾਡੀ ਭੀੜ ਦਾ ਵੱਡਾ ਹਿੱਸਾ ਸਵੇਰ ਤੋਂ ਬਾਹਰ ਚਲਾ ਗਿਆ ਹੈ, ਅਤੇ ਉਹਨਾਂ ਨੂੰ ਘਰ ਜਾਣਾ ਪਿਆ, ਉਹਨਾਂ ਵਿੱਚੋਂ ਬਹੁਤ ਸਾਰਿਆਂ ਨੂੰ। ਪਰ, ਅੱਜ ਰਾਤ, ਮੈਂ ਤੁਹਾਨੂੰ ਦੱਸਿਆ ਸੀ ਕਿ ਜੇਕਰ ਤੁਸੀਂ ਰੁਕ ਗਏ ਤਾਂ ਅਸੀਂ ਲਗਭਗ ਪੰਤਾਲੀ ਮਿੰਟ ਗੱਲ ਕਰਨ ਦੀ ਕੋਸ਼ਿਸ਼ ਕਰਾਂਗੇ ਕਿਸੇ ਚੀਜ਼ ਤੇ ਜੋ ਮੈਨੂੰ ਉਮੀਦ ਹੈ ਕਿ ਸਾਡੀ ਮਦਦ ਕਰੇਗੀ। ਅਤੇ ਅਸੀਂ ਇਸ ਨੂੰ ਹੁਣ ਸੰਤ ਯੂਹੰਨਾ, 16ਵੇਂ ਅਧਿਆਏ ਤੇ ਅਧਾਰਤ ਕਰਨ ਜਾ ਰਹੇ ਹਾਂ, ਅਤੇ ਆਓ 16ਵੇਂ ਅਧਿਆਏ ਦੀ 7ਵੀਂ ਆਇਤ ਤੋਂ—ਤੋਂ ਸ਼ੁਰੂ ਕਰੀਏ, ਅਤੇ 15ਵੀਂ ਆਇਤ ਤੋਂ—ਤੋਂ ਪੜ੍ਹੋ।

*ਫਿਰ ਵੀ ਮੈਂ ਤੁਹਾਨੂੰ ਸੱਚ ਦੱਸਦਾ ਹਾਂ; ਤੁਹਾਡੇ ਲਈ ਇਹ ਚੰਗਾ ਹੈ ਕਿ ਮੈਂ ਚਲੇ ਜਾਵਾਂ: ਕਿਉਂਕਿ ਜੇ ਮੈਂ ਨਾ ਜਾਵਾਂ ਤਾਂ ਸਹਾਇਕ ਤੁਹਾਡੇ ਕੋਲ ਨਾ ਆਵੇਗਾ; ਪਰ ਜੇ ਮੈਂ ਜਾਵਾਂ ਤਾਂ ਉਹ ਨੂੰ ਤੁਹਾਡੇ ਕੋਲ ਘੱਲ ਦਿਆਂਗਾ।*

*ਅਤੇ ਜਦੋਂ ਉਹ ਆਵੇਗਾ, ਉਹ ਆਣ ਕੇ ਜਗਤ ਨੂੰ ਪਾਪ, ਧਰਮ ਅਰ ਨਿਆਉਂ ਦੇ ਵਿਖੇ ਕਾਇਲ ਕਰੇਗਾ:*

*ਪਾਪ ਦੇ ਵਿਖੇ, ਇਸ ਲਈ ਜੋ ਓਹ ਮੇਰੇ ਉੱਤੇ ਨਿਹਚਾ ਨਹੀਂ ਕਰਦੇ ਹਨ;*

*ਧਰਮ ਦੇ ਲਈ ਇਸ ਲਈ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ, ਅਤੇ ਤੁਸੀਂ ਮੈਨੂੰ ਫੇਰ ਨਹੀਂ ਵੇਖੋਗੇ;*

*ਨਿਆਉਂ ਦੇ ਵਿਖੇ, ਇਸ ਲਈ ਜੋ ਇਸ ਜਗਤ ਦੇ ਸਰਦਾਰ ਦਾ ਨਿਆਉਂ ਕੀਤਾ ਗਿਆ ਹੈ।*

*ਅਜੇ ਮੈਂ ਤੁਹਾਡੇ ਨਾਲ ਬਹੁਤੀਆਂ ਗੱਲਾਂ ਕਰਨੀਆਂ ਹਨ, ਪਰ ਹੁਣੇ ਤੁਸੀਂ ਸਹਾਰ ਨਹੀਂ ਸੱਕਦੇ।*

*ਪਰ ਜਦ ਉਹ, ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿੱਚ ਤੁਹਾਡੀ ਅਗਵਾਈ ਕਰੇਗਾ: ਕਿਉਂ ਜੋ ਉਹ ਆਪਣੀ ਵੱਲੋਂ ਨਾ ਕਹੇਗਾ; ਪਰ ਜੋ ਕੁਝ ਸੁਣੇਗਾ ਸੋਈ ਆਖੇਗਾ: ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦਿਖਾਵੇਗਾ।*

*ਕਿਉਂਕਿ, ਉਹ ਮੇਰੀ ਵਡਿਆਈ ਕਰੇਗਾ, ਕਿਉਂਕਿ ਉਹ ਮੇਰੀਆਂ ਗੱਲਾਂ ਵਿੱਚੋਂ ਲਵੇਗਾ, ਅਤੇ ਤੁਹਾਨੂੰ ਵਿਖਾਵੇਗਾ।*

*ਸੱਭੋ ਕੁਝ ਜੋ ਪਿਤਾ ਦਾ ਹੈ—ਸੋ ਮੇਰਾ ਹੈ: ਇਸੇ ਕਾਰਨ ਮੈਂ ਆਖਿਆ, ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲੈ ਕੇ ਤੁਹਾਨੂੰ ਦਿਖਾਵੇਗਾ।*

12 ਹੁਣ ਇਸ 13ਵੀਂ ਆਇਤ ਵਿੱਚ। "ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿੱਚ ਤੁਹਾਡੀ ਅਗਵਾਈ ਕਰੇਗਾ। ਜਦੋਂ ਸੱਚਾਈ ਦੀ ਆਤਮਾ ਆਵੇਗਾ, ਉਹ ਸਾਰੀ ਸਚਿਆਈ ਵਿੱਚ ਤੁਹਾਡੀ ਅਗਵਾਈ ਕਰੇਗਾ।" ਸਚਿਆਈ ਕੀ ਹੈ? ਵਚਨ। "ਕਿਉਂਕਿ ਉਹ ਬੋਲੇਗਾ, ਉਹ ਆਪਣੇ ਬਾਰੇ ਨਹੀਂ ਬੋਲੇਗਾ; ਪਰ ਜੋ ਉਹ ਸੁਣਦਾ ਹੈ, ਉਹੀ ਬੋਲੇਗਾ। ਉਹ ਜੋ ਸੁਣਦਾ ਹੈ, ਉਹ ਬੋਲੇਗਾ।" ਦੂਜੇ ਸ਼ਬਦਾਂ ਵਿੱਚ, ਉਹ ਉਹੀ ਹੋਵੇਗਾ ਜੋ ਚੀਜ਼ ਨੂੰ ਪ੍ਰਗਟ ਕਰੇਗਾ, ਤੁਸੀਂ ਦੇਖੋਗੇ। ਅਤੇ ਇਬਰਾਨੀਆਂ ਦੇ ਚੌਥੇ ਅਧਿਆਏ ਵਿੱਚ ਬਾਈਬਲ ਕਹਿੰਦੀ ਹੈ ਕਿ "ਪਰਮੇਸ਼ੁਰ ਦਾ ਬਚਨ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਅਤੇ ਸ਼ਕਤੀਸ਼ਾਲੀ ਹੈ, ਇੱਕ—ਇੱਕ ਮਨ, ਦਿਲ ਦੇ ਵਿਚਾਰਾਂ ਨੂੰ ਜਾਂਚ ਲੈਂਦਾ ਹੈ।" ਦੇਖੋ, "ਉਹ ਜੋ ਸੁਣੇਗਾ, ਉਹੀ ਬੋਲੇਗਾ, ਅਤੇ ਉਹ ਤੁਹਾਨੂੰ ਆਉਣ ਵਾਲੀਆਂ ਚੀਜ਼ਾਂ ਦਿਖਾਏਗਾ।" ਸਮਝੇ? ਅਜਿਹਾ ਕੌਣ ਕਰੇਗਾ? ਪਵਿੱਤਰ ਆਤਮਾ ਜੋ ਪ੍ਰਭੂ ਯਿਸੂ ਦੇ ਨਾਮ ਵਿੱਚ ਆਵੇਗਾ।

13 ਅਤੇ ਮੈਂ ਅਗਲੇ ਕੁਝ ਮਿੰਟ ਲੈ ਕੇ ਤੁਹਾਡਾ ਧਿਆਨ "ਮਾਰਗਦਰਸ਼ਕ" ਸ਼ਬਦ ਤੇ ਲੱਗਾਉਣਾ ਚਾਹੁੰਦਾ ਹਾਂ, *ਇੱਕ ਮਾਰਗਦਰਸ਼ਕ।* ਤੁਸੀਂ ਜਾਣਦੇ ਹੋ, ਮੈਨੂੰ ਜੰਗਲ ਵਿੱਚ ਦਾ ਕਾਫ਼ੀ ਤਜੁਰਬਾ ਹੈ। ਇੱਕ ਮਾਰਗਦਰਸ਼ਕ, ਕੋਈ ਜੋ ਤੁਹਾਨੂੰ ਰਾਹ ਦਿਖਾਉਂਦਾ ਹੈ। ਜਦੋਂ ਤੁਹਾਨੂੰ ਨਹੀਂ ਪਤਾ ਹੁੰਦਾ ਕਿ ਤੁਸੀਂ ਕਿੱਥੇ ਜਾ ਰਹੇ ਹੋ, ਤਾਂ ਤੁਹਾਨੂੰ ਇੱਕ ਮਾਰਗਦਰਸ਼ਕ ਦੀ ਲੋੜ ਹੁੰਦੀ ਹੈ। ਅਤੇ ਸ਼ਿਕਾਰ, ਅਤੇ ਆਲੇ ਦੁਆਲੇ ਦੀ ਦੁਨੀਆ ਨਾਲ ਵਾਕਫ਼ ਹੋਣ ਕਰਕੇ, ਮੈਨੂੰ ਮਾਰਗਦਰਸ਼ਕਾਂ ਨੂੰ ਮਿਲਣ ਦਾ ਮੌਕਾ ਮਿਲਿਆ। ਅਤੇ ਮੈਂ ਖੁਦ ਕੋਲੋਰਾਡੋ ਵਿੱਚ ਇੱਕ ਮਾਰਗਦਰਸ਼ਕ ਹਾਂ, ਕਿਉਂਕਿ ਦੇਸ਼ ਨੂੰ ਜਾਣਦੇ ਹੋਏ, ਪਸ਼ੂ ਪਾਲਣ ਆਦਿ ਕਰਦੇ ਹੋਏ, ਮੈਂ ਕੋਲੋਰਾਡੋ ਵਿੱਚ ਮਾਰਗਦਰਸ਼ਨ ਕਰ ਸਕਦਾ ਹਾਂ।

14 ਹੁਣ, ਇੱਕ ਮਾਰਗਦਰਸ਼ਕ ਨੂੰ ਰਸਤਾ ਪਤਾ ਹੋਣਾ ਚਾਹੀਦਾ ਹੈ। ਉਸਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿੱਥੇ ਜਾ ਰਿਹਾ ਹੈ ਅਤੇ ਉਹ ਕੀ ਕਰ ਰਿਹਾ

ਹੈ, ਅਤੇ ਸਫ਼ਰ ਦੇ ਵਿੱਚ ਤੁਹਾਡੀ ਦੇਖਭਾਲ ਕਿਵੇਂ ਕਰਨੀ ਹੈ। ਸਮਝੇ? ਉਹ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਸੀਂ ਗੁੰਮ ਨਾ ਹੋ ਜਾਓ। ਇੱਕ ਮਾਰਗਦਰਸ਼ਕ ਚੁਣਿਆ ਗਿਆ ਆਦਮੀ ਹੁੰਦਾ ਹੈ। ਸਰਕਾਰ ਇਸ ਆਦਮੀ ਨੂੰ ਚੁਣਦੀ ਹੈ, ਜੇਕਰ ਉਹ ਇੱਕ ਮਾਰਗਦਰਸ਼ਕ ਹੈ। ਅਤੇ, ਹੁਣ, ਜੰਗਲ ਵਿੱਚ ਯਾਤਰਾ ਤੇ ਜਾਂਦੇ ਹੋਏ, ਜਿੱਥੇ ਸ਼ਾਇਦ ਤੁਸੀਂ ਜਾਣ ਦੇ ਆਦੀ ਨਹੀਂ ਹੋ, ਤੁਹਾਡੇ ਲਈ ਇੱਕ ਮਰਗਰਸ਼ਕ ਤੋਂ ਬਿਨਾਂ ਜਾਣਾ ਚੰਗੀ ਗੱਲ ਨਹੀਂ ਹੈ। ਸੱਚ ਕਹਾਂ ਤਾਂ, ਕੁਝ ਥਾਵਾਂ ਤੇ ਤੁਸੀਂ ਇੱਕ ਮਾਰਗਦਰਸ਼ਕ ਤੋਂ ਬਿਨਾਂ ਜਾ ਵੀ ਨਹੀਂ ਸਕਦੇ, ਉਦਾਹਰਨ ਲਈ, ਕੈਨੇਡਾ। ਮਾਰਗਦਰਸ਼ਕ ਨੂੰ ਤੁਹਾਡੇ ਲਾਇਸੰਸ ਤੇ ਦਸਤਖਤ ਕਰਕੇ ਗੇਮ ਵਾਰਡਨ ਨੂੰ ਦੇਣੇ ਪੈਂਦੇ ਹਨ। ਉਸਨੂੰ ਖੁਦ ਦੇ ਦਸਤਖਤ ਕਰਨੇ ਪੈਂਦੇ ਹਨ, ਅਤੇ ਉਹ ਤੁਹਾਡੇ ਲਈ ਜ਼ਿੰਮੇਵਾਰ ਹੈ। ਜੇ ਤੁਹਾਨੂੰ ਕੁਝ ਹੁੰਦਾ ਹੈ, ਤਾਂ ਇਹ ਉਸਦੀ ਜ਼ਿੰਮੇਵਾਰੀ ਹੈ। ਉਸ ਨੇ ਤੁਹਾਡੀ ਦੇਖਭਾਲ ਕਰਨੀ ਹੈ। ਉਸ ਨੇ ਇਹ ਦੇਖਣਾ ਹੈ ਕਿ ਤੁਸੀਂ ਗੁਆਚ ਨਾ ਜਾਓ। ਉਸਨੂੰ ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਉਹ ਤੁਹਾਨੂੰ ਕਿਸੇ ਐਸੇ ਥਾਂ ਨਹੀਂ ਭੇਜੇਗਾ ਜਿੱਥੋਂ ਤੁਸੀਂ ਵਾਪਸ ਆਉਣ ਦਾ ਰਸਤਾ ਨਹੀਂ ਜਾਣਦੇ। ਅਤੇ ਜੇਕਰ ਤੁਸੀਂ ਗੁਆਚ ਜਾਂਦੇ ਹੋ, ਉਸਨੂੰ ਦੇਸ਼ ਨੂੰ ਇੰਨੇ ਵਧੀਆ ਤਰੀਕੇ ਨਾਲ ਜਾਣਣਾ ਚਾਹੀਦਾ ਹੈ ਤਾਂ ਕਿ ਉਹ ਕਿਸੇ ਵੀ ਸਮੇਂ ਤੁਹਾਨੂੰ ਲੱਭ ਸਕੇ। ਉਸਨੂੰ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਨਹੀਂ ਤਾਂ ਉਹ ਇੱਕ ਮਾਰਗਦਰਸ਼ਕ ਨਹੀਂ ਹੋ ਸਕਦਾ, ਉਸ ਨੂੰ ਮਾਰਗਦਰਸ਼ਕ ਬਣਨ ਲਈ ਲਾਇਸੈਂਸ ਨਹੀਂ ਦਿੱਤਾ ਜਾ ਸਕਦਾ।

15 ਇਨ੍ਹਾਂ ਚੀਜ਼ਾਂ ਲਈ, ਕਈ ਵਾਰੀ ਤੁਹਾਨੂੰ ਪਹਿਲਾਂ ਤੋਂ ਨਿਰਧਾਰਤ ਕਰਨਾ ਪੈਂਦਾ ਹੈ, ਅੱਗੇਤਰਾ ਫੋਨ ਕਰਕੇ ਪ੍ਰਬੰਧ ਕਰਨੇ ਪੈਂਦੇ ਹਨ, ਅਤੇ ਰਿਜ਼ਰਵੇਸ਼ਨ ਕਰਨੀ ਪੈਂਦੀ ਹੈ। ਅਤੇ ਜੇਕਰ ਤੁਹਾਡਾ...ਕਈ ਵਾਰ ਉਹ ਖਾਲੀ ਨਹੀਂ ਹੁੰਦਾ ਅਤੇ ਉਹ ਤੁਹਾਨੂੰ ਨਹੀਂ ਲੈ ਜਾ ਸਕਦਾ, ਤੁਹਾਨੂੰ ਇਸ ਨੂੰ ਕੁਝ ਸਮੇਂ ਲਈ ਇਸ ਨੂੰ ਰੋਕਣਾ ਪੈਂਦਾ ਹੈ, ਧਰਤੀ ਦੇ—ਦੇ ਮਾਰਗਦਰਸ਼ਕ ਕਰਕੇ। ਤੁਹਾਨੂੰ ਕਦੇ ਵੀ ਪਰਮੇਸ਼ੁਰ ਦੇ ਮਾਰਗਦਰਸ਼ਕ ਨਾਲ ਅਜਿਹਾ ਕਰਨ ਦੀ ਲੋੜ ਨਹੀਂ ਹੈ, ਉਹ ਹਮੇਸ਼ਾ ਤਿਆਰ ਹੈ, ਹਮੇਸ਼ਾ ਤਿਆਰ ਹੈ।

16 ਹੁਣ, ਜੇਕਰ ਤੁਸੀਂ ਇਹ ਤਿਆਰੀਆਂ ਨਹੀਂ ਕਰਦੇ, ਅਤੇ ਤੁਸੀਂ ਕਿਸੇ ਐਸੇ ਜੰਗਲ ਵਿੱਚ ਜਾਣ ਦੀ ਯੋਜਨਾ ਬਣਾ ਰਹੇ ਹੋ ਜਿੱਥੇ ਤੁਸੀਂ ਕਦੇ ਨਹੀਂ ਗਏ, ਤਾਂ ਤੁਸੀਂ ਗੁਆਚ ਸਕਦੇ ਹੋ, ਅਤੇ ਨਾਸ ਹੋ ਸਕਦੇ ਹੋ। ਤੁਹਾਡੇ ਕੋਲ ਜੰਗਲ ਤੋਂ ਬਾਹਰ ਆਉਣ ਦਾ ਲਗਭਗ ਇੱਕ ਪ੍ਰਤੀਸ਼ਤ ਮੌਕਾ ਹੈ, ਉਹ ਵੀ ਤਾਂ ਜਦੋਂ ਇਹ ਜੰਗਲ ਬਹੁਤ ਘਣਾ ਨਹੀਂ ਹੈ, ਤਾਂ ਤੁਹਾਡੇ ਕੋਲ ਆਪਣੇ ਆਪ ਬਾਹਰ ਲਿਆਉਣ ਦਾ ਇੱਕ ਪ੍ਰਤੀਸ਼ਤ ਮੌਕਾ ਹੈ। ਪਰ ਜੇਕਰ ਇਹ ਬਹੁਤ ਹੀ ਖ਼ਰਾਬ ਜੰਗਲ ਹੈ, ਬਹੁਤ ਪਿੱਛੇ, ਤਾਂ ਤੁਹਾਡੇ ਕੋਲ ਬਾਹਰ ਆਉਣ ਦਾ ਕੋਈ ਮੌਕਾ ਨਹੀਂ ਹੈ। ਇਸ

ਤੋਂ ਬਾਹਰ ਆਉਣ ਦਾ ਕੋਈ ਤਰੀਕਾ ਨਹੀਂ ਹੈ, ਕਿਉਂਕਿ ਤੁਸੀਂ ਆਪਣੇ ਆਪ ਨੂੰ ਮੌਤ ਦੇ ਰਾਸਤੇ ਤੇ ਪਾਓਗੇ, ਅਤੇ ਫਿਰ ਤੁਸੀਂ—ਤੁਸੀਂ ਖਤਮ ਹੋ ਜਾਓਗੇ। ਹੁਣ, ਤੁਸੀਂ ਨਾਸ ਹੋ ਜਾਓਗੇ ਜੇਕਰ ਤੁਹਾਡੇ ਕੋਲ ਕੋਈ ਅਜਿਹਾ ਮਾਰਗਦਰਸ਼ਕ ਨਾ ਹੋਵੇ ਜੋ ਦੇਸ਼ ਨੂੰ ਅਤੇ ਵਾਪਸ ਆਉਣ ਦੇ ਰਾਹ ਨੂੰ ਜਾਣਦਾ ਹੋਵੇ।

17 ਤੁਹਾਡੇ ਵਿਚੋਂ ਬਹੁਤ ਸਾਰੇ ਉਸ ਲੇਖ ਨਾਲ ਜਾਣੂ ਹਨ ਜੋ ਤੁਸੀਂ ਪਿਛਲੇ ਸਾਲ ਟਕਸਨ, ਅਰਿਜ਼ੋਨਾ ਵਿੱਚ ਪੜ੍ਹਿਆ ਸੀ, ਉਹ ਸਕਾਊਟਸ ਲੜਕੇ। ਭਾਵੇਂ, ਉਨ੍ਹਾਂ ਨੂੰ ਆਪਣਾ ਧਿਆਨ ਰੱਖਣ ਦੀ ਸਿਖਲਾਈ ਦਿੱਤੀ ਗਈ ਸੀ, ਉਹ ਸਕਾਊਟ ਸਨ। ਉਹ ਬਸ ਅਨਾੜੀ ਸਕਾਊਟ ਨਹੀਂ ਸਨ, ਸਗੋਂ ਪੂਰੇ ਸਕਾਊਟ ਸਨ। ਉਹ ਪਰਬਤਾਂ ਵਿੱਚ ਸਫਰ ਤੇ ਗਏ ਅਤੇ ਇੱਕ ਬਰਫ਼ੀਲਾ ਤੂਫ਼ਾਨ ਆ ਗਿਆ, ਕੁਦਰਤ ਨੇ ਆਪਣਾ ਰੂਪ ਬਦਲਿਆ। ਜਦੋਂ ਉਹਨਾਂ ਨੂੰ ਪਤਾ ਲੱਗਿਆ ਕਿ ਉਹ ਖੋ ਗਏ ਹਨ ਅਤੇ ਉਹ ਸਾਰੇ ਮਰ ਗਏ, ਇਸ ਲਈ ਕਿਉਂਕਿ ਉਹ… ਕੁਝ, ਨਿਯਮਿਤ ਰੁਟੀਨ ਵਿੱਚ ਬਦਲਾਅ ਆਇਆ, ਇਸ ਵਿੱਚੋਂ ਬਾਹਰ ਕਿਵੇਂ ਨਿਕਲਣਾ ਹੈ, ਉਹਨਾਂ ਨੂੰ ਇਸ ਦਾ ਪਤਾ ਨਹੀਂ ਸੀ। ਵੇਖਿਆ? ਅਤੇ ਮੈਂ ਭੁੱਲ ਗਿਆ ਹਾਂ ਕਿ ਪਹਾੜ ਵਿੱਚ ਕਿੰਨੇ ਲੜਕੇ ਮਾਰੇ ਗਏ ਸਨ, ਹਾਲਾਂਕਿ ਉਨ੍ਹਾਂ ਕੋਲ ਹੈਲੀਕਾਪਟਰ ਸਨ, ਅਤੇ ਫੌਜ, ਅਤੇ ਨੈਸ਼ਨਲ ਗਾਰਡ, ਅਤੇ ਸਵੈਸੇਵੀ ਮਦਦ ਲਈ ਬਾਹਰ ਆਏ ਸਨ। ਪਰ ਉਹ ਗੁਆਚ ਗਏ ਸਨ, ਕੋਈ ਨਹੀਂ ਜਾਣਦਾ ਕਿ ਉਹ ਕਿੱਥੇ ਸਨ। ਅਤੇ ਉਹ ਆਪਣੇ ਆਪ ਦੀ ਸੰਭਾਲ ਨਹੀਂ ਕਰ ਸਕੇ। ਉਹ ਸਾਰੇ ਬਰਫ਼ ਵਿੱਚ ਮਰ ਗਏ ਕਿਉਂਕਿ ਉਹ ਨਹੀਂ ਜਾਣਦੇ ਸਨ ਕਿ ਉਹ ਪੂਰਬ, ਉੱਤਰ, ਪੱਛਮ ਜਾਂ ਦੱਖਣ ਕਿਸ ਪਾਸੇ ਜਾ ਰਹੇ ਸਨ, ਉੱਪਰ ਜਾਂ ਹੇਠਾਂ, ਜਾਂ ਇਹ ਕਿਵੇਂ ਸੀ, ਸਭ ਕੁਝ ਇੱਕੋ ਜਿਹਾ ਦਿਖਾਈ ਦਿੰਦਾ ਸੀ।

18 ਹੁਣ, ਇੱਕ ਮਾਰਗਦਰਸ਼ਕ ਨੂੰ ਪਤਾ ਹੁੰਦਾ ਹੈ ਕਿ ਉਹ ਕਿੱਥੇ ਹੈ, ਚਾਹੇ ਮੌਸਮ ਕਿਸੇ ਵੀ ਤਰ੍ਹਾਂ ਦਾ ਹੋਵੇ। ਉਹ—ਉਹ ਅਜਿਹਾ ਕਰਨ ਲਈ ਤਿਆਰ ਹੁੰਦਾ ਹੈ। ਉਹ ਜਾਣਦਾ ਹੈ ਕਿ ਉਹ ਕੀ ਕਰ ਰਿਹਾ ਹੈ। ਉਹ ਹਰ ਚੀਜ਼ ਤੋਂ ਜਾਣੂ ਹੁੰਦਾ ਹੈ। ਉਹ ਹਰ ਚੀਜ ਦੀ ਸ਼ਕਲ ਤੋਂ ਵਾਕਫ਼ ਹੁੰਦਾ ਹੈ, ਇਸ ਲਈ ਉਹ ਹਨੇਰੇ ਵਿੱਚ ਹੋ ਸਕਦਾ ਹੈ ਅਤੇ ਕਿਸੇ ਚੀਜ਼ ਨੂੰ ਮਹਿਸੂਸ ਕਰ ਸਕਦਾ ਹੈ।

19 ਉਦਾਹਰਨ ਲਈ, ਇੱਥੇ ਇੱਕ ਮਾਰਗਦਰਸ਼ਕ ਲਈ ਇੱਕ ਪੁਰਾਣੀ ਚਾਲ ਹੈ। ਤੁਸੀਂ ਜਾਣਦੇ ਹੋ, ਜੇਕਰ ਤੁਸੀਂ ਤਾਰਿਆਂ ਨੂੰ ਦੇਖ ਸਕਦੇ ਹੋ, ਤਾਂ ਕੋਈ ਵੀ ਦੱਸ ਸਕਦਾ ਹੈ ਕਿ ਤੁਸੀਂ ਕਿਸ ਪਾਸੇ ਜਾ ਰਹੇ ਹੋ ਜੇਕਰ ਤੁਸੀਂ ਤਾਰਿਆਂ ਨੂੰ ਦੇਖਦੇ ਹੋ। ਅਤੇ ਤੁਸੀਂ ਹਮੇਸ਼ਾ ਇੱਕ ਸੱਚੇ ਤਾਰੇ ਨੂੰ ਦੇਖਣਾ ਚਾਹੁੰਦੇ ਹੋ। ਸਿਰਫ਼ ਇੱਕ ਹੀ ਸੱਚਾ ਤਾਰਾ ਹੈ, ਅਤੇ ਉਹ ਹੈ ਧ੍ਰੂਵ ਤਾਰਾ। ਹਾਂ, ਸਿਰਫ਼ ਇੱਕ ਹੀ ਹੈ, ਜੋ ਇੱਕੋ ਜਗ੍ਹਾ ਖਲੋਤਾ ਰਹਿੰਦਾ ਹੈ। ਇਹ ਮਸੀਹ ਦਾ ਪ੍ਰਤੀਕ ਹੈ, ਜੋ

ਕੱਲ, ਅੱਜ, ਅਤੇ ਸਦਾ ਇਕੋ ਜਿਹਾ ਹੈ। ਹੋਰ ਤਾਰੇ ਭਟਕ ਸਕਦੇ ਹਨ, ਪਰ ਉਹ ਸਦਾ ਇਕੋ ਜਿਹਾ ਹੀ ਰਹਿੰਦਾ ਹੈ। ਕਲੀਸਿਯਾ ਤੁਹਾਨੂੰ *ਇਸ* ਪਾਸੇ ਜਾਂ *ਉਸ* ਪਾਸੇ ਖਿੱਚ ਸਕਦੀਆਂ ਹਨ; ਪਰ ਉਹ ਨਹੀਂ, ਉਹ ਹਮੇਸ਼ਾ ਇੱਕੋ ਜਿਹਾ ਰਹਿੰਦਾ ਹੈ।

20 ਖੈਰ, ਹੁਣ, ਜੇਕਰ ਤੁਸੀਂ ਇਸ ਉੱਤਰੀ ਤਾਰੇ ਨੂੰ ਨਹੀਂ ਦੇਖ ਸਕਦੇ, ਅਤੇ ਇਹ ਬੱਦਲ ਛਾਏ ਹੋਏ ਹਨ, ਤਾਂ ਜੇ ਤੁਸੀਂ ਧਿਆਨ ਡਕੋ, ਜੇ ਇਹ ਦਿਨ ਦਾ ਸਮਾਂ ਹੈ ਅਤੇ ਤੁਸੀਂ ਖੋ ਗਏ ਹੋ, ਤਾਂ ਤੁਸੀਂ ਦਰੱਖਤਾਂ ਨੂੰ ਵੇਖੋ। ਰੁੱਖ ਦੇ ਹਮੇਸ਼ਾ, ਕਾਈ ਹਮੇਸ਼ਾ ਰੁੱਖ ਦੇ ਉੱਤਰ ਵਾਲੇ ਪਾਸੇ ਹੁੰਦੀ ਹੈ, ਕਿਉਂਕਿ ਦਰੱਖਤ ਦੇ ਦੱਖਣੀ ਪਾਸੇ ਨੂੰ ਉੱਤਰੀ ਪਾਸੇ ਨਾਲੋਂ ਵੱਧ ਸੂਰਜ ਮਿਲਦਾ ਹੈ। ਪਰ ਕੀ ਹੋਵੇਗਾ ਜੇ ਹਨੇਰਾ ਹੈ ਅਤੇ ਤੁਸੀਂ ਕਾਈ ਨੂੰ ਨਹੀਂ ਵੇਖ ਸਕਦੇ? ਜੇ ਤੁਸੀਂ ਆਪਣੀਆਂ ਅੱਖਾਂ ਬੰਦ ਕਰ ਲਵੋ ਅਤੇ ਸੋਚਣ ਦੀ ਕੋਸ਼ਿਸ਼ ਨਾ ਕਰੋ, ਆਪਣੀਆਂ ਆਖਾਂ ਬੰਦ ਕਰੋ ਅਤੇ ਇੱਕ ਚਿੱਟੀ-ਛਾਲ ਵਾਲੇ ਦਰੱਖਤ ਦੇ ਦੁਆਲੇ ਆਪਣੇ ਹੱਥਾਂ ਨੂੰ ਪਾਓ, ਜਦੋਂ ਤੱਕ ਤੁਹਾਡੀਆਂ ਉਂਗਲਾਂ ਆਪਸ ਵਿੱਚ ਨਹੀਂ ਮਿਲ ਜਾਂਦੀਆਂ, ਅਤੇ ਫਿਰ ਉਸ ਦਰੱਖਤ ਦੇ ਦੁਆਲੇ ਹੌਲੀ ਹੌਲੀ ਘੁੰਮਣਾ ਸ਼ੁਰੂ ਕਰੋ। ਅਤੇ ਜਦੋਂ ਤੁਸੀਂ ਉਸ ਸਥਾਨ ਤੇ ਪਹੁੰਚਦੇ ਹੋ ਜਿਥੇ ਛਾਲ ਬਹੁਤ ਮੋਟੀ ਹੈ, ਟੁੱਟੀ ਹੋਈ ਹੈ, ਉਹ ਉੱਤਰੀ ਪਾਸਾ ਹੈ (ਹਵਾ ਦੇ ਕਾਰਨ), ਅਤੇ ਤੁਸੀਂ ਦੱਸ ਸਕਦੇ ਹੋ ਕਿ ਤੁਸੀਂ ਕਿਸ ਪਾਸੇ ਜਾ ਰਹੇ ਹੋ, ਉੱਤਰ ਜਾਂ ਦੱਖਣ ਵੱਲ। ਅਤੇ ਇਸ ਤਰ੍ਹਾਂ, ਐਂਹ, ਇੱਥੇ ਬਹੁਤ ਸਾਰੀਆਂ ਚੀਜ਼ਾਂ ਹਨ, ਪਰ ਇਹ ਜਾਣਨ ਲਈ ਮਾਰਗਦਰਸ਼ਕਾਂ ਦੀ ਲੋੜ ਹੁੰਦੀ ਹੈ ਕਿ ਉਹਨਾਂ ਚੀਜ਼ਾਂ ਨੂੰ ਕਿਵੇਂ ਕਰਨਾ ਹੈ। ਬਸ ਇੱਕ ਆਮ ਆਦਮੀ ਉੱਥੇ ਉੱਠਦਾ ਹੈ ਅਤੇ ਕਹਿੰਦਾ ਹੈ, "ਮੈਨੂੰ ਇਸ ਵਿੱਚ ਕੋਈ ਫਰਕ ਮਹਿਸੂਸ ਨਹੀਂ ਹੁੰਦਾ।" ਸਮਝੇ? ਦੇਖੋ, ਤੁਹਾਨੂੰ ਉਸ ਮਾਰਗਦਰਸ਼ਨ ਲਈ ਸਿਖਲਾਈ ਲੈਣੀ ਪੈਂਦੀ ਹੈ।

21 ਅਤੇ ਇਹ ਮੁੰਡੇ, ਬੇਸ਼ੱਕ ਉਹ ਚੰਗੇ ਸਕਾਊਟ ਸਨ, ਉਹ ਸੰਭਵਤ ਗੰਢਾਂ ਬਣ ਸਕਦੇ ਹੋਣ, ਉਹਨਾਂ ਨੂੰ ਸ਼ਾਇਦ ਪਥਰਾਂ ਨਾਲ ਅੱਗ ਬਾਲਣੀ ਆਉਂਦੀ ਹੋਵੇ, ਅਤੇ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਵੀ। ਪਰ ਬਾਹਰ ਨਿਕਲਣ ਦਾ ਰਾਹ ਜਾਣਣਾ, ਇਹੀ ਮਕਸਦ ਹੈ! ਉਹ, ਉਨ੍ਹਾਂ ਨੂੰ ਬਾਹਰ ਜਾਣ ਦਾ ਰਸਤਾ ਨਹੀਂ ਪਤਾ ਸੀ, ਇਸ ਲਈ ਉਹ ਸਾਰੇ ਮਾਰੇ ਗਏ ਕਿਉਂਕਿ ਉਨ੍ਹਾਂ ਨੇ ਆਪਣੇ ਨਾਲ ਕੋਈ ਮਾਰਗਦਰਸ਼ਕ ਨਹੀਂ ਲਿਆ ਸੀ।

22 ਇੱਕ ਬੇਸਮਝ ਪਿਤਾ, ਦੋ ਸਾਲ ਪਹਿਲਾਂ, ਕੋਲੋਰਾਡੋ ਵਿੱਚ, ਐਂਹ, ਉਹ ਪਹਾੜਾਂ ਵਿੱਚ ਜਾ ਰਿਹਾ ਸੀ, ਉਸਦਾ ਛੇ, ਸੱਤ ਸਾਲ ਦਾ ਇੱਕ ਛੋਟਾ ਮੁੰਡਾ ਸੀ। ਉਹ ਉਸ ਨੂੰ ਆਪਣੇ ਪਹਿਲੇ ਹਿਰਨ ਦੇ ਸ਼ਿਕਾਰ ਤੇ ਲੈ ਕੇ ਜਾ ਰਿਹਾ ਸੀ।

ਇਸ ਲਈ ਉਹ ਪਹਾੜ ਉੱਤੇ ਉਚਾਈ ਤੇ ਗਏ, ਅਤੇ ਛੋਟੇ ਮੁੰਡੇ ਨੇ ਆਪਣੇ ਪਿਤਾ ਨੂੰ ਕਿਹਾ, “ਮੈਂ ਥੱਕ ਰਿਹਾ ਹਾਂ।”

23 “ਮੇਰੀ ਪਿੱਠ ਤੇ ਚੜ੍ਹ ਜਾ। ਅਸੀਂ ਅਜੇ ਇੰਨੀ ਉਚਾਈ ਤੇ ਨਹੀਂ ਹਾਂ, ਹਿਰਨ ਉਚਾਈਂ ਤੇ ਹਨ।” ਉਹ ਆਦਮੀ ਉਦੋਂ ਤੱਕ ਜਾਂਦਾ ਰਿਹਾ ਜਦੋਂ ਤੱਕ ਉਹ…ਉਹ ਨਹੀਂ ਜਾਣਦਾ ਸੀ, ਉਹ ਸ਼ਹਰੀ ਆਦਮੀ ਸੀ। ਉਸ ਨੂੰ ਕੁਝ ਨਹੀਂ ਪਤਾ ਸੀ ਕਿ ਸ਼ਿਕਾਰ ਕਿਵੇਂ ਕਰਨਾ ਹੈ ਅਤੇ ਕਿੱਥੇ ਜਾਣਾ ਹੈ। ਕੋਈ ਵੀ ਵਿਅਕਤੀ ਜੋ ਜੰਗਲ ਬਾਰੇ ਕੁਝ ਜਾਣਕਾਰੀ ਰੱਖਦਾ ਹੈ ਉਹ ਜਾਣਦਾ ਹੈ ਕਿ ਹਿਰਨ ਉਚਾਈ ਤੇ ਨਹੀਂ ਰਹਿੰਦੇ। ਉਹ ਉੱਥੇ ਉੱਪਰ ਨਹੀਂ ਜਾਂਦੇ। ਬੱਕਰੀਆਂ ਉੱਪਰ ਰਹਿੰਦੀਆਂ ਹਨ, ਹਿਰਨ ਨਹੀਂ। ਉਹ ਹੇਠਾਂ ਹਨ ਜਿੱਥੇ ਉਹ ਖਾ ਸਕਦੇ ਹਨ, ਉਨ੍ਹਾਂ ਨੂੰ ਉੱਥੇ ਜਾਣਾ ਪੈਂਦਾ ਹੈ ਜਿੱਥੇ ਖਾਣ ਲਈ ਕੁਝ ਹੈ। ਅਤੇ, ਇਸ ਤਰ੍ਹਾਂ, ਪਰ ਇਸ ਆਦਮੀ ਨੇ ਸੋਚਿਆ, “ਜੇ ਮੈਂ ਉੱਥੇ ਉੱਪਰ ਕਿਤੇ ਚੱਟਾਨਾਂ ਵਿੱਚ ਪਹੁੰਚ ਜਾਵਾਂ, ਤਾਂ ਮੈਨੂੰ ਇੱਕ ਵੱਡਾ ਹਿਰਨ ਮਿਲੇਗਾ।” ਉਸ ਨੇ ਇੱਕ ਤਸਵੀਰ ਦੇਖੀ ਸੀ ਜਿਸ ਵਿੱਚ ਕੁਝ ਚੱਟਾਨ ਉੱਤੇ—ਉੱਤੇ ਖੜ੍ਹੇ ਸਨ, ਸੋਚਿਆ ਕਿ ਉਹ ਉਹ ਥਾਂ ਹੈ ਜਿੱਥੇ ਉਹ ਉਸਨੂੰ ਲੱਭ ਲਵੇਗਾ। ਉਹਨਾਂ ਰਸਾਲਿਆਂ ਵਿੱਚ ਜੋ ਕੁਝ ਵੀ ਲਿਖਿਆ ਹੈ ਉਸ ਤੇ ਧਿਆਨ ਨਾ ਦੇਵੋ, ਔਹ, ਮੇਰੇ, ਤੁਹਾਨੂੰ ਇੱਕ ਭਿਆਨਕ ਸਮਾਂ ਵੇਖਣਾ ਪਵੇਗਾ! ਇਕੋ ਹੀ ਚੀਜ਼ ਹੈ ਜੋ ਤੁਸੀਂ ਕਰ ਸਕਦੇ ਹੋ, ਅਤੇ ਉਹ ਹੈ ਇੱਕ ਮਾਰਗਦਰਸ਼ਕ ਨੂੰ ਲੈਣਾ, ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਤੁਸੀਂ ਕਿੱਥੇ ਹੋ।

24 ਅਤੇ ਉਹ ਪਿਤਾ, ਉੱਥੇ ਅਚਾਨਕ ਇੱਕ ਮੀਂਹ ਆ ਗਿਆ, ਉਹਨਾਂ ਵਿੱਚੋਂ ਇੱਕ ਤੇਜ਼ ਮੀਂਹ ਜੋ ਅਚਾਨਕ ਆ ਜਾਂਦਾ ਹੈ। ਅਤੇ ਉਸ ਮਨੁੱਖ ਨੇ ਬਹੁਤ ਦੇਰ ਤੱਕ ਸ਼ਿਕਾਰ ਕੀਤਾ, ਜਦ ਤਕ ਹਨੇਰਾ ਨਹੀਂ ਹੋ ਗਿਆ ਅਤੇ ਉਹ ਮੁੜ ਕੇ ਆਪਣਾ ਰਸਤਾ ਨਹੀਂ ਲੱਭ ਸਕਿਆ। ਫਿਰ…ਹਵਾ ਪਹਾੜਾਂ ਦੇ ਉੱਪਰੋਂ ਵਗਣ ਲੱਗੀ, ਅਤੇ ਉਹ ਮਨੁੱਖ ਤੇਜ਼ੀ ਨਾਲ ਅੱਗੇ ਵਧ ਰਿਹਾ ਸੀ, ਅਤੇ ਇਹੀ…

25 ਜੇ ਤੁਸੀਂ ਫਸ ਜਾਂਦੇ ਹੋ ਤਾਂ ਜਿੰਦਾ ਕਿਵੇਂ ਰਹਿਣਾ ਹੈ, ਇਹ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। ਇਹ ਇੱਕ ਵੱਖਰੀ ਗੱਲ ਹੈ, ਜਾਣਨਾ ਕਿ ਜਿਉਂਦਾ ਕਿਵੇਂ ਰਹਿਣਾ ਹੈ! ਮੈਂ ਦਰੱਖਤਾਂ ਤੇ ਚੜ੍ਹਿਆ ਅਤੇ ਉਨ੍ਹਾਂ ਤੋਂ ਉਤਰਿਆ, ਅਤੇ ਦਰੱਖਤਾਂ ਉੱਪਰ ਚੜ੍ਹਿਆ ਅਤੇ ਹੇਠਾਂ ਆਇਆ, ਉੱਪਰ ਅਤੇ ਹੇਠਾਂ ਇਸ ਤਰ੍ਹਾਂ ਹੀ ਜ਼ਿੰਦਾ ਰਿਹਾ। ਮੈਂ ਉਹ ਵੇਲੇ ਵੇਖੇ ਹਨ ਜਦੋਂ ਦੋਵੇਂ ਪਾਸੇ ਚਾਰ ਫੁੱਟ ਤੱਕ ਬਰਫ਼ ਪਈ ਹੋਵੇ, ਇੱਕ ਮੁੱਢ ਨੂੰ ਲਿਆ ਅਤੇ ਉਸ ਤੇ ਸੌਂ ਗਿਆ। ਅਤੇ ਮੈਨੂੰ ਇਸ ਕਦਰ ਭੁੱਖ ਲੱਗੀ ਸੀ ਕਿ ਮੈਂ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦਾ ਸੀ! ਅਤੇ ਪੁਰਾਣੇ ਮੁੱਢ ਤੋੜ ਕੇ, ਉਨ੍ਹਾਂ ਨੂੰ ਜਲਾ ਕੇ ਗਰਮ ਕਰਦਾ ਸੀ ਅਤੇ ਬਰਫ਼ ਨੂੰ ਪਿਘਲਾਉਂਦਾ ਸੀ। ਅਤੇ ਫਿਰ ਸਵੇਰ ਦੇ ਲੱਗਭਗ ਇੱਕ ਵਜੇ, ਦੋ ਵਜੇ, ਲੱਕੜਾਂ ਨੂੰ ਪਿਛਾਂਹ

ਕਰਦਾ ਅਤੇ ਜਿਉਂਦਾ ਰਹਿਣ ਲਈ ਉਸ ਗਰਮ ਜਮੀਨ ਤੇ ਲੇਟ ਜਾਂਦਾ। ਅਤੇ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਹ ਚੀਜਾਂ ਕਿਵੇਂ ਕਰਨੀਆਂ ਹਨ।

26 ਅਤੇ ਇਹ ਆਦਮੀ ਨਹੀਂ ਜਾਣਦਾ ਸੀ ਕਿ ਉਹ ਕੀ ਕਰ ਰਿਹਾ ਸੀ, ਉਸ ਨਾਲ ਕੋਈ ਨਹੀਂ ਸੀ ਜੋ ਉਸ ਨੂੰ ਦਿਸ਼ਾ ਦੇ ਸਕੇ। ਅਤੇ ਉਸਨੇ ਆਪਣੇ ਛੋਟੇ ਬੇਟੇ ਨੂੰ ਆਪਣੀ ਬੁੱਕਲ ਨਾਲ ਉਦੋਂ ਤੱਕ ਲਾਈ ਰੱਖਿਆ ਜਦੋਂ ਤੱਕ ਉਸਨੇ ਮਹਿਸੂਸ ਨਹੀਂ ਕੀਤਾ ਕਿ ਉਹ ਠੰਡਾ ਹੋ ਗਿਆ ਅਤੇ ਮਰ ਗਿਆ। ਬੇਸਮਝ! ਜੇ ਉਹ ਆਪਣੇ ਨਾਲ ਇੱਕ ਮਾਰਗਦਰਸ਼ਕ ਲੈ ਗਿਆ ਹੁੰਦਾ, ਤਾਂ ਉਹ ਉਸ ਨੂੰ ਪਹਾੜ ਤੋਂ ਵਾਪਸ ਲੈ ਆਉਂਦਾ ਭਾਵੇਂ ਕੋਈ ਵੀ ਸਮਾਂ ਹੁੰਦਾ, ਵੇਖਿਆ। ਪਰ ਉਹ ਹਨੇਰਾ ਹੋਣ ਤੱਕ ਉਡੀਕਦਾ ਰਿਹਾ, ਫਿਰ ਉਹ ਆਪਣੀ ਵਾਪਸੀ ਦਾ ਰਾਹ ਨਹੀਂ ਦੇਖ ਸਕਿਆ।

27 ਅੱਜ ਮਸੀਹੀਆਂ ਨਾਲ ਵੀ ਇਹੀ ਸਮੱਸਿਆ ਹੈ। ਉਹ ਉਡੀਕ ਕਰਦੇ ਹਨ ਕਿ ਹਨੇਰਾ ਛਾ ਜਾਵੇ, ਫਿਰ ਤੁਹਾਨੂੰ ਪਤਾ ਲੱਗਦਾ ਹੈ ਕਿ ਤੁਸੀਂ ਮਾਰਗਦਰਸ਼ਕ ਦੇ ਬਿਨਾਂ ਨਿਕਲ ਗਏ ਹੋ। ਮਾਰਗਦਰਸ਼ਕ!

28 ਕੀ ਤੁਸੀਂ ਕਦੇ ਕੋਈ ਵਿਅਕਤੀ ਦੇਖਿਆ ਹੈ ਜੋ ਖੋ ਗਿਆ ਸੀ? ਕੀ ਕਿਸੇ ਨੇ ਕਦੇ ਖੋਏ ਹੋਏ ਵਿਅਕਤੀ ਨੂੰ ਲਿਆਉਣ ਦਾ ਅਨੁਭਵ ਕੀਤਾ ਹੈ? ਇਹ ਸਭ ਤੋਂ ਦਰਦਨਾਕ ਗੱਲ ਹੈ ਜੋ ਤੁਸੀਂ ਕਦੇ ਵੇਖੀ ਹੋਵੇਗੀ। ਜਦੋਂ ਕੋਈ ਵਿਅਕਤੀ ਖੋ ਜਾਂਦਾ ਹੈ, ਤਾਂ ਉਹ ਪਾਗਲ ਹੋ ਜਾਂਦਾ ਹੈ। ਉਹਨੂੰ ਨਹੀਂ ਪਤਾ ਕਿ ਉਹ ਕੀ ਕਰ ਰਿਹਾ ਹੈ। ਅਸੀਂ ਉੱਥੇ ਇੱਕ ਆਦਮੀ ਨੂੰ ਫ਼ੜਿਆ, ਇੱਕ ਲੜਕਾ, ਅਤੇ ਉਹ ਜੰਗਲ ਵਿੱਚ ਗੁਆਚ ਗਿਆ ਸੀ, ਅਤੇ ਉਸ ਬਾਰੇ…ਉਹ ਇੱਕ ਪਸ਼ੂਆਂ ਦਾ ਰਾਖਾ ਸੀ, ਪਰ ਉਹ ਗਲਤ ਖੇਤਰ ਵਿੱਚ ਸੀ ਅਤੇ ਉਹ ਗੁਆਚ ਗਿਆ, ਮੁੜ ਗਿਆ। ਅਤੇ ਜਦੋਂ ਉਨ੍ਹਾਂ ਨੇ ਉਸਨੂੰ ਤਿੰਨ ਦਿਨਾਂ ਬਾਅਦ ਲੱਭਿਆ, ਤਾਂ ਉਹ ਇੱਕ ਜੰਗਲੀ ਆਦਮੀ ਵਾਂਗ ਦੌੜ ਰਿਹਾ ਸੀ, ਉਸਦੀ ਪੂਰੀ ਅਵਾਜ਼ ਨਾਲ ਚੀਕ ਰਿਹਾ ਸੀ। ਉਸਦੇ ਬੁੱਲ੍ਹ ਟੁਕੇ ਗਏ ਸਨ, ਅਤੇ ਉਸਨੇ ਆਪਣੀ ਬੰਦੂਕ ਪਰੇ ਸੁੱਟ ਦਿੱਤੀ ਅਤੇ ਉਸਨੂੰ ਪਤਾ ਨਹੀਂ ਸੀ ਕਿ ਕੀ ਕਰਨਾ ਹੈ। ਅਤੇ ਜਦੋਂ ਉਸਦਾ ਆਪਣਾ ਭਰਾ, ਜਦੋਂ…ਉਨ੍ਹਾਂ ਨੂੰ ਉਸ ਨੂੰ ਫੜ ਕੇ ਬੰਨ੍ਹਣਾ ਪਿਆ। ਜਦੋਂ ਉਸ ਦਾ ਆਪਣਾ ਭਰਾ ਉਸ ਕੋਲ ਆਇਆ, ਤਾਂ ਉਹ ਜਾਨਵਰ ਵਾਂਗ ਉਸ ਨਾਲ ਲੜਿਆ, ਉਸ ਨੂੰ ਵੱਢਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਨਹੀਂ ਪਤਾ ਸੀ ਕਿ ਉਹ ਕਿੱਥੇ ਸੀ। ਕਿਉਂ? ਉਹ ਗੁਆਚ ਗਿਆ ਸੀ। ਅਤੇ ਜਦੋਂ ਇੱਕ ਆਦਮੀ ਗੁਆਚ ਜਾਂਦਾ ਹੈ, ਤਾਂ ਉਹ ਬੌਂਦਲ ਜਾਂਦਾ ਹੈ। ਅਤੇ ਉਹ ਨਹੀਂ ਜਾਣਦਾ ਕਿ ਉਹ ਉਸ ਹਾਲਤ ਵਿੱਚ ਹੈ, ਕਿਉਂਕਿ ਉਸਦਾ ਗੁਆਚ ਜਾਣਾ ਉਸਨੂੰ ਬੁਖਾਰ ਚੜ੍ਹਾ ਦਿੰਦਾ ਹੈ, ਅਤੇ ਉਹ ਨਹੀਂ ਜਾਣਦਾ ਕਿ ਉਹ ਕਿੱਥੇ ਹੈ ਅਤੇ ਉਹ ਕਿਵੇਂ

ਕੰਮ ਕਰ ਰਿਹਾ ਹੈ।

29 ਅਜਿਹਾ ਹੀ ਹੁੰਦਾ ਹੈ ਜਦੋਂ ਇੱਕ ਆਦਮੀ ਪਰਮੇਸ਼ੁਰ ਤੋਂ ਖੋ ਜਾਂਦਾ ਹੈ! ਤਾਂ ਉਹ ਅਜਿਹੇ ਕੰਮ ਕਰੇਗਾ ਜੋ ਉਹ ਆਮ ਤੌਰ ਤੇ ਨਹੀਂ ਕਰਦਾ। ਉਹ ਅਜਿਹੇ ਕੰਮ ਕਰੇਗਾ ਜੋ—ਜੋ ਕਿ ਮਨੁੱਖ ਦੀ ਸੋਚ ਤੋਂ ਪਰੇ ਹਨ। ਪਰਮੇਸ਼ੁਰ ਤੋਂ ਗੁੰਮ ਹੋਇਆ ਆਦਮੀ, ਪਰਮੇਸ਼ੁਰ ਤੋਂ ਗੁੰਮ ਹੋਈ ਇੱਕ ਕਲੀਸਿਯਾ, ਇੱਕ ਕਲੀਸਿਯਾ ਜੋ ਪਰਮੇਸ਼ੁਰ ਤੋਂ ਦੂਰ ਹੋ ਗਈ ਹੈ, ਪਰਮੇਸ਼ੁਰ ਦੀ ਬਾਈਬਲ ਦੇ ਸਿਧਾਂਤਾਂ ਤੋਂ ਦੂਰ ਹੋ ਗਈ ਹੈ, ਅਜਿਹੇ ਕੰਮ ਕਰੇਗੀ ਜੋ ਤੁਸੀਂ ਜਿਉਂਦੇ ਪਰਮੇਸ਼ੁਰ ਦੀ ਕਲੀਸਿਯਾ ਵਿੱਚ ਵੇਖਣ ਦੀ ਉਮੀਦ ਨਹੀਂ ਕਰਦੇ ਹੋ। ਉਹ ਆਪਣਾ ਪੈਸਾ ਬੰਕੋ ਖੇਡਾਂ, ਲਾਟਰੀ ਖੇਡਣ, ਜੂਆ ਖੇਡਣ, ਜਾਂ ਜੋ ਕੁਝ ਵੀ ਉਹ ਕਰ ਸਕਦੇ ਹਨ, ਦੁਆਰਾ ਪ੍ਰਾਪਤ ਕਰਨਗੇ। ਉਹ ਕੁਝ ਵੀ ਸਿਖਾਉਣਗੇ, ਕੁਝ ਵੀ ਚੱਲਣ ਦੇਣਗੇ, ਉਸ ਆਦਮੀ ਦੀ ਪਿੱਠ ਤੇ ਥਪਥਪਾਉਣਗੇ ਜੋ ਚਰਚ ਵਿਚ ਜਿਆਦਾ ਪੈਸਾ ਦਿੰਦਾ ਹੈ, ਅਤੇ ਇਸ ਤਰ੍ਹਾਂ, ਉਹਨਾਂ ਨੂੰ ਇਸਦੇ ਨਾਲ ਪ੍ਰਾਪਤ ਕਰਨ ਲਈ। ਇਹ ਠੀਕ ਹੈ। ਬੋਰਡ ਵਿੱਚ ਅਜਿਹੇ ਡੀਕਨ ਰੱਖਦੇ ਹਨ ਜਿਸਦਾ ਚਾਰ ਜਾਂ ਪੰਜ ਵਾਰ ਵਿਆਹ ਹੋਇਆ ਹੈ, ਬੱਸ ਇਸ ਨੂੰ ਪੂਰਾ ਕਰਨ ਲਈ, ਜਰੂਰਤ ਨੂੰ ਪੂਰਾ ਕਰਨ ਲਈ। ਇੱਥੇ ਸਿਰਫ਼ ਇੱਕ ਹੀ ਜਰੂਰਤ ਹੈ ਜੋ ਤੁਸੀਂ ਪੂਰੀ ਕਰਨੀ ਹੈ, ਉਹ ਹੈ, ਪਰਮੇਸ਼ੁਰ ਪ੍ਰਤੀ ਤੁਹਾਡੀ ਜ਼ਿੰਮੇਵਾਰੀ। ਖੜੇ ਹੋਵੇ ਅਤੇ ਸੱਚ ਦੱਸੋ! ਗੁਆਚਿਆ, ਗੁਆਚਿਆ ਹੋਇਆ ਆਦਮੀ ਬੌਂਦਲ ਜਾਂਦਾ ਹੈ, ਉਹ ਇੱਕ ਪਾਗਲ ਆਦਮੀ ਹੈ।

30 ਮਾਰਗਦਰਸ਼ਕ ਨੂੰ ਸਮਝ ਹੈ ਕਿ ਕਿਵੇਂ ਜਾਣਾ ਹੈ, ਅਤੇ ਕੀ ਕਰਨਾ ਹੈ। ਪਰਮੇਸ਼ੁਰ…ਪਰਮੇਸ਼ੁਰ ਨੇ ਹਮੇਸ਼ਾ ਆਪਣੇ ਲੋਕਾਂ ਲਈ ਇੱਕ ਮਾਰਗਦਰਸ਼ਕ ਭੇਜਿਆ ਹੈ। ਪਰਮੇਸ਼ੁਰ ਕਦੇ ਅਸਫਲ ਨਹੀਂ ਹੋਇਆ। ਉਹ ਇੱਕ ਮਾਰਗਦਰਸ਼ਕ ਭੇਜਦਾ ਹੈ, ਪਰ ਤੁਹਾਨੂੰ ਉਸ ਮਾਰਗਦਰਸ਼ਕ ਨੂੰ ਸਵੀਕਾਰ ਕਰਨਾ ਪਵੇਗਾ। ਸਮਝੇ? ਤੁਹਾਨੂੰ ਇਸ ਤੇ ਵਿਸ਼ਵਾਸ ਕਰਨਾ ਪਏਗਾ। ਤੁਹਾਨੂੰ ਉਸ ਦੇ ਕਹਿਣ ਅਨੁਸਾਰ ਚੱਲਣਾ ਪਵੇਗਾ। ਜੇ ਤੁਸੀਂ ਇੱਕ ਜੰਗਲ ਵਿੱਚ ਜਾਓ, ਅਤੇ ਤੁਹਾਡਾ ਮਾਰਗਦਰਸ਼ਕ ਕਹਿੰਦਾ ਹੈ "ਅਸੀਂ *ਇਸ* ਰਾਹ ਜਾਵਾਂਗੇ," ਅਤੇ ਫਿਰ ਵੀ ਤੁਸੀਂ ਸੋਚਦੇ ਹੋ ਕਿ ਤੁਸੀਂ *ਉਸ* ਰਾਹ ਜਾਓਗੇ, ਤੁਸੀਂ ਗੁਆਚ ਜਾਓਗੇ। ਫਿਰ ਜਦੋਂ ਤੁਸੀਂ…ਪਰਮੇਸ਼ੁਰ ਸਾਡਾ ਮਾਰਗਦਰਸ਼ਨ ਕਰਨ ਲਈ ਇੱਕ ਮਾਰਗਦਰਸ਼ਕ ਭੇਜਦਾ ਹੈ, ਸਾਨੂੰ ਉਸ ਮਾਰਗਦਰਸ਼ਕ ਦੇ ਪਿੱਛੇ ਚਲਣਾ ਚਾਹੀਦਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਅਸੀਂ ਕੀ ਸੋਚਦੇ ਹਾਂ, ਕੀ ਜਾਇਜ਼ ਲੱਗਦਾ ਹੈ ਅਤੇ ਕੀ ਹਾਸੋਹੀਣਾ ਲੱਗਦਾ ਹੈ, ਅਸੀਂ ਇਸ ਨੂੰ ਜਾਂਚਣਾ ਸਾਡੀ ਜਿੰਮੇਵਾਰੀ ਨਹੀਂ ਹੈ, ਸਿਰਫ਼ ਮਾਰਗਦਰਸ਼ਕ ਹੀ ਇਹ ਕਰਦਾ ਹੈ।

31 ਪਰਮੇਸ਼ੁਰ ਨੇ, ਪੁਰਾਣੇ ਨੇਮ ਵਿੱਚ, ਨਬੀਆਂ ਨੂੰ ਭੇਜਿਆ। ਉਹ ਮਾਰਗ ਦਰਸ਼ਕ ਸਨ, ਕਿਉਂਕਿ ਪ੍ਰਭੂ ਦਾ ਬਚਨ ਨਬੀ ਕੋਲ ਆਇਆ ਸੀ। ਉਹ ਮਾਰਗਦਰਸ਼ਕ ਸਨ। ਉਹ ਲੋਕਾਂ ਨੂੰ ਦਿਸਾ ਦਿੰਦੇ ਸਨ, ਜਿਵੇਂ ਕਿ ਅਸੀਂ ਕੱਲ੍ਹ ਰਾਤ ਯਸਾਯਾਹ ਅਤੇ ਉਜ਼ੀਯਾਹ ਦੇ ਬਾਰੇ ਸਿੱਖਿਆ ਸੀ। ਉਹਨਾਂ ਨੂੰ ਸਿੱਖਿਆ ਦਿੱਤੀ ਗਈ ਸੀ, ਅਤੇ ਉਹਨਾਂ ਨੇ ਲੋਕਾਂ ਨੂੰ ਸਿੱਖਿਆ ਦਿੱਤੀ ਤੇ ਮਾਰਗਦਰਸ਼ਨ ਕੀਤਾ। ਅਤੇ ਹੁਣ ਪਰਮੇਸ਼ੁਰ ਨੇ ਹਮੇਸ਼ਾ ਆਪਣੇ ਮਾਰਗਦਰਸ਼ਕ ਭੇਜੇ ਹਨ, ਉਹ ਹਮੇਸ਼ਾ ਕਦੇ ਵੀ ਇੱਕ ਮਾਰਗਦਰਸ਼ਕ ਤੋਂ ਬਿਨਾਂ ਨਹੀਂ ਰਿਹਾ, ਸਾਰੇ ਯੁੱਗਾਂ ਵਿੱਚ। ਪਰਮੇਸ਼ੁਰ ਦਾ ਹਮੇਸ਼ਾ ਹਰੇਕ ਯੁੱਗ ਵਿੱਚ, ਕੋਈ ਨਾ ਕੋਈ ਅਜਿਹਾ ਵਿਅਕਤੀ ਧਰਤੀ ਤੇ ਰੱਖਿਆ ਜੋ ਉਸ ਦੀ ਨੁਮਾਇੰਦਗੀ ਕਰਦਾ ਸੀ।

32 ਹੁਣ, ਕਈ ਵਾਰ ਉਹ ਮਾਰਗਦਰਸ਼ਕ ਤੋਂ ਜਿਵੇਂ ਕਿ ਅਸੀਂ ਇਸਨੂੰ ਕਹਿੰਦੇ ਹਾਂ "ਸਹੀ ਰਸਤੇ ਤੋਂ" ਹਟ ਜਾਂਦੇ ਹਨ। ਜਦੋਂ ਯਿਸੂ ਇੱਥੇ ਧਰਤੀ ਉੱਤੇ ਸੀ, ਤੁਹਾਨੂੰ ਯਾਦ ਨਹੀਂ ਕਿ ਯਿਸੂ ਨੇ ਫ਼ਰੀਸੀਆਂ ਨੂੰ ਕਿਹਾ ਸੀ, "ਤੁਸੀਂ ਅੰਨ੍ਹੇ ਮਾਰਗ ਦਰਸ਼ਕ ਹੋ"? ਅੰਨ੍ਹੇ ਮਾਰਗਦਰਸ਼ਕ, ਆਤਮਕ ਗੱਲਾਂ ਤੋਂ ਅੰਨ੍ਹੇ। ਸਮਝੇ? ਹੁਣ, ਉਨ੍ਹਾਂ ਨੂੰ ਮਾਰਗਦਰਸ਼ਕ, ਲੋਕਾਂ ਲਈ ਮਾਰਗਦਰਸ਼ਕ, ਲੋਕਾਂ ਨੂੰ ਮੁਕਤੀ ਵੱਲ ਸੇਧ ਦੇਣ ਵਾਲੇ ਹੋਣੇ ਚਾਹੀਦੇ ਸਨ। ਪਰ ਯਿਸੂ ਨੇ ਕਿਹਾ, "ਤੁਸੀਂ ਅੰਨ੍ਹੇ ਹੋ!" ਅਤੇ ਉਸਨੇ ਕਿਹਾ, "ਉਨ੍ਹਾਂ ਨੂੰ ਇਕੱਲੇ ਰਹਿਣ ਦਿਓ, ਕਿਉਂਕਿ ਜੇਕਰ ਅੰਨ੍ਹਾ ਅੰਨ੍ਹੇ ਦੀ ਅਗਵਾਈ ਕਰਦਾ ਹੈ, ਤਾਂ ਕੀ ਉਹ ਦੋਵੇਂ ਟੋਏ ਵਿੱਚ ਨਹੀਂ ਡਿੱਗਣਗੇ?" ਅੰਨ੍ਹੇ ਮਾਰਗਦਰਸ਼ਕ! ਔਹ, ਕਿਵੇਂ ਸੰਸਾਰ ਇਸ ਨਾਲ ਦੂਸ਼ਿਤ ਹੋ ਗਿਆ ਹੈ, ਅੰਨ੍ਹੇ ਮਾਰਗਦਰਸ਼ਨ ਨਾਲ। ਉਹ ਨਹੀਂ ਚਾਹੁੰਦਾ ਕਿ ਤੁਸੀਂ ਆਪਣੀ ਸਮਝ ਤੇ ਭਰੋਸਾ ਕਰੋ। ਪਰਮੇਸ਼ੁਰ ਨਹੀਂ ਚਾਹੁੰਦਾ ਕਿ ਤੁਸੀਂ ਆਪਣੀ ਸਮਝ ਜਾਂ ਆਪਣੇ ਵਿਚਾਰਾਂ, ਜਾਂ ਕਿਸੇ ਮਨੁੱਖ ਦੁਆਰਾ ਬਣਾਏ ਵਿਚਾਰਾਂ ਤੇ ਭਰੋਸਾ ਕਰੋ।

33 ਪਰਮੇਸ਼ੁਰ ਇੱਕ ਮਾਰਗਦਰਸ਼ਕ ਭੇਜਦਾ ਹੈ, ਅਤੇ ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਯਾਦ ਰੱਖੋ ਕਿ ਇਹ ਉਸ ਵੱਲੋਂ ਨਿਯੁਕਤ ਕੀਤਾ ਹੋਇਆ ਮਾਰਗਦਰਸ਼ਕ ਹੈ। ਅਤੇ ਸਾਨੂੰ ਉਸਨੂੰ ਯਾਦ ਰੱਖਣਾ ਚਾਹੀਦਾ ਹੈ। ਇੱਥੇ ਇਹ ਕਹਿੰਦਾ ਹੈ, ਯਿਸੂ ਨੇ ਕਿਹਾ, "ਮੈਂ ਤੁਹਾਨੂੰ ਨਹੀਂ ਛੱਡਾਂਗਾ, ਪਰ ਮੈਂ ਪਿਤਾ ਅੱਗੇ ਪ੍ਰਾਰਥਨਾ ਕਰਾਂਗਾ ਅਤੇ ਉਹ ਤੁਹਾਨੂੰ ਇੱਕ ਹੋਰ ਸਹਾਇਕ ਭੇਜੇਗਾ।" ਅਤੇ ਇਹ ਸਹਾਇਕ, ਜਦੋਂ ਉਸਨੇ ਆਉਣਾ ਸੀ, ਉਸ ਨੇ ਆ ਕੇ ਸਾਡਾ ਸੱਚਾਈ ਵੱਲ ਮਾਰਗਦਰਸ਼ਨ ਕਰਨਾ ਸੀ। ਅਤੇ ਪਰਮੇਸ਼ੁਰ ਦਾ ਵਚਨ ਸੱਚਾਈ ਹੈ, ਅਤੇ ਵਚਨ ਮਸੀਹ ਹੈ, "ਰਾਹ, ਸੱਚਾਈ, ਅਤੇ ਜੀਵਨ ਮੈਂ ਹਾਂ।" ਉਹ ਵਚਨ ਹੈ, "ਆਦ ਵਿੱਚ ਸ਼ਬਦ ਸੀ, ਅਤੇ ਸ਼ਬਦ ਪਰਮੇਸ਼ੁਰ ਦੇ ਸੰਗ ਸੀ, ਸ਼ਬਦ ਹੀ ਪਰਮੇਸ਼ੁਰ ਸੀ। ਅਤੇ ਸ਼ਬਦ ਦੇਹਧਾਰੀ ਹੋਇਆ ਅਤੇ ਸਾਡੇ ਵਿਚਕਾਰ ਵਾਸ ਕੀਤਾ।" ਫਿਰ ਜੇਕਰ ਅਸੀਂ ਅਸਲ ਸੱਚੇ ਮਾਰਗਦਰਸ਼ਕ, ਪਵਿੱਤਰ ਆਤਮਾ

ਦੇ ਪਿੱਛੇ ਚੱਲਦੇ ਹਾਂ, ਉਸਨੇ ਸਾਨੂੰ ਉਹ ਦੱਸਣਾ ਸੀ ਜੋ ਉਸਨੇ ਕੀ ਦੇਖਿਆ ਸੀ, ਜੋ ਉਸਨੇ ਸੁਣਿਆ ਸੀ, ਅਤੇ ਉਸਨੇ ਸਾਨੂੰ ਉਹ ਚੀਜ਼ਾਂ ਦਿਖਾਉਣੀਆਂ ਸਨ ਜੋ ਆਉਣ ਵਾਲੀਆਂ ਹਨ। ਆਮੀਨ। ਉਥੇ ਤੁਸੀਂ ਹੋ। ਉਹ ਤੁਹਾਨੂੰ ਆਉਣ ਵਾਲੀਆਂ ਚੀਜ਼ਾਂ ਦਿਖਾਉਣ ਜਾ ਰਿਹਾ ਹੈ।

34 ਅਤੇ ਜਦੋਂ ਅੱਜ ਕਲੀਸਿਯਾਵਾਂ ਇਸ ਨੂੰ ਰੱਦ ਦੇਂਦੀਆਂ ਹਨ, ਤਾਂ ਅਸੀਂ ਕਦੇ ਸਵਰਗ ਜਾਣ ਦੀ ਉਮੀਦ ਕਿਵੇਂ ਕਰ ਸਕਦੇ ਹਾਂ? ਜਦੋਂ ਪਵਿੱਤਰ ਆਤਮਾ ਸਾਨੂੰ ਮਾਰਗਦਰਸ਼ਨ ਲਈ ਭੇਜਿਆ ਗਿਆ ਸੀ, ਅਸੀਂ ਸਾਡੇ ਮਾਰਗਦਰਸ਼ਨ ਕਰਨ ਲਈ ਕਿਸੇ ਪ੍ਰਧਾਨ, ਕਿਸੇ ਬਿਸ਼ਪ, ਕਿਸੇ ਜਨਰਲ ਓਵਰਸੀਅਰ, ਜਾਂ ਅਜਿਹੇ ਵਿਅਕਤੀ ਨੂੰ ਲਵਾਂਗੇ, ਜਦਕਿ ਸਾਡਾ ਮਾਰਗ ਦਰਸ਼ਨ ਕਰਨ ਲਈ ਪਵਿੱਤਰ ਆਤਮਾ ਸਾਡਾ ਸਾਨੂੰ ਦਿੱਤਾ ਗਿਆ ਸੀ।

35 ਅਤੇ ਪਵਿੱਤਰ ਆਤਮਾ ਹਮੇਸ਼ਾ ਵਚਨ ਦੀ ਗੱਲ ਕਰਦਾ ਹੈ। "ਮੈਂ ਤੁਹਾਡੇ ਨਾਲ ਬਹੁਤੀਆਂ ਗੱਲਾਂ ਕਰਨੀਆਂ ਹਨ, ਤੁਸੀਂ ਇਸ ਨੂੰ ਹੁਣ ਨਹੀਂ ਸਮਝ ਸਕਦੇ, ਪਰ ਜਦੋਂ ਉਹ ਆਵੇਗਾ, ਉਹ ਤੁਹਾਡਾ ਇਸ ਵੱਲ ਮਾਰਗਦਰਸ਼ਨ ਕਰੇਗਾ।" ਮੋਹਰਾਂ ਦੇ ਆਉਣ ਦਾ ਇਹੀ ਕਾਰਨ ਹੈ। ਸੱਤਵੀਂ ਮੋਹਰ ਦੀ ਸਮਾਪਤੀ ਤੇ, ਪਰਮੇਸ਼ੁਰ ਦਾ ਭੇਤ ਸਮਾਪਤ ਹੋ ਜਾਣਾ ਚਾਹੀਦਾ ਹੈ, ਇਹ ਜਾਣਨ ਲਈ ਕਿ ਪਰਮੇਸ਼ੁਰ ਕੌਣ ਹੈ, ਉਹ ਕੀ ਹੈ, ਉਹ ਕਿਵੇਂ ਰਹਿੰਦਾ ਹੈ, ਉਸਦਾ ਸੁਭਾਅ, ਉਸਦੀ ਹੋਂਦ। ਤੁਹਾਨੂੰ ਉਸ ਸਮੇਂ ਤੱਕ *ਇੱਥੇ* ਹੋਣਾ ਚਾਹੀਦਾ ਹੈ, ਦੇਖੋ, ਸਾਨੂੰ ਪਰਮੇਸ਼ੁਰ ਦੇ ਪੁੱਤਰਾਂ ਅਤੇ ਧੀਆਂ ਦੇ ਡੀਲ ਡੋਲ ਵਿੱਚ ਲਿਆਓਣ, ਇੱਕ ਕਲੀਸਿਯਾ ਜੋ ਮਸੀਹ ਦੇ ਲਹੂ ਵਿੱਚ ਧੋਤੀ ਗਈ ਹੈ, ਜੋ ਬਿਨਾਂ ਪੈਸੇ ਦੇ ਖਰੀਦੀ ਗਈ ਹੈ, ਜਿਸ ਲਈ ਯਿਸੂ ਮਸੀਹ ਦੇ ਲਹੂ ਦੁਆਰਾ ਭੁਗਤਾਨ ਕੀਤਾ ਗਿਆ ਹੈ।

36 ਹੁਣ, ਅਸੀਂ ਇੱਥੇ ਹਾਂ, ਇੱਕ ਮਾਰਗਦਰਸ਼ਕ, ਅਤੇ ਉਹ ਪਰਮੇਸ਼ਵਰ ਦੁਆਰਾ ਮੁਹੱਈਆ ਕੀਤਾ ਹੋਇਆ ਮਾਰਗਦਰਸ਼ਕ ਹੈ। ਹੁਣ, ਅਸੀਂ ਇੱਕ ਉਜਾੜ ਵਿੱਚੋਂ ਲੰਘ ਰਹੇ ਹਾਂ, ਅਤੇ ਅਸੀਂ ਕਿਤੇ ਆਪਣੇ ਸਫ਼ਰ ਵਿੱਚ ਹਾਂ, ਅਤੇ ਅਸੀਂ ਇਸ ਮਾਰਗਦਰਸ਼ਕ ਤੋਂ ਬਿਨਾਂ ਨਹੀਂ ਚੱਲ ਸਕਦੇ। ਅਤੇ ਕਿਸੇ ਨੂੰ ਇਸ ਨੂੰ ਕਿਸੇ ਹੋਰ ਮਾਰਗਦਰਸ਼ਕ ਨਾਲ ਬਦਲਣ ਦੀ ਕੋਸ਼ਿਸ਼ ਕਰਨ ਦੀ ਹਿੰਮਤ ਕਰਕੇ ਵੇਖਣ ਦਿਓ! ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਉਹ ਤੁਹਾਨੂੰ ਕਤਾਰ ਵਿੱਚੋਂ ਬਾਹਰ ਲੈ ਜਾਵੇਗਾ। ਇਹ ਮਾਰਗਦਰਸ਼ਕ ਰਸਤਾ ਜਾਣਦਾ ਹੈ! ਉਹ ਰਸਤੇ ਦੇ ਹਰ ਇੰਚ ਨੂੰ ਜਾਣਦਾ ਹੈ। ਉਹ ਤੁਹਾਡੇ ਦਿਲ ਦੇ ਹਰ ਵਿਚਾਰ ਨੂੰ ਜਾਣਦਾ ਹੈ। ਉਹ ਹਰ ਕਿਸੇ ਨੂੰ ਜਾਣਦਾ ਹੈ ਜੋ ਇੱਥੇ ਹੈ। ਉਹ ਜਾਣਦਾ ਹੈ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕੀ ਕੀਤਾ ਹੈ, ਅਤੇ ਤੁਹਾਡੇ ਬਾਰੇ ਸਭ ਕੁਝ।

ਉਹ ਪਰਮੇਸ਼ੁਰ ਦਾ ਮਾਰਗਦਰਸ਼ਕ, ਪਵਿੱਤਰ ਆਤਮਾ ਹੈ, ਅਤੇ ਤੁਹਾਡੇ ਲਈ ਚੀਜ਼ਾਂ ਪ੍ਰਗਟ ਕਰੇਗਾ, ਅਤੇ ਉਹ ਗੱਲਾਂ ਦੱਸੇਗਾ ਜੋ ਉਸਨੇ ਸੁਣੀਆਂ ਹਨ, ਆਪਣੇ ਸ਼ਬਦਾਂ ਨੂੰ ਠੀਕ ਠੀਕ ਦੁਹਰਾ ਸਕਦਾ ਹੈ ਅਤੇ ਉਹੀ ਗੱਲ ਕਹਿ ਸਕਦਾ ਹੈ ਜੋ ਤੁਸੀਂ ਕਹੀ ਸੀ। ਆਮੀਨ। ਤੁਹਾਨੂੰ ਦੱਸੇਗਾ ਕਿ ਤੁਸੀਂ ਕੀ ਰਹੇ ਹੋ, ਤੁਹਾਡੇ ਕੋਲ ਕੀ ਹੈ, ਤੁਸੀਂ ਕਿੱਥੇ ਜਾ ਰਹੇ ਹੋ। ਇੱਕ ਮਾਰਗਦਰਸ਼ਕ, ਸਹੀ ਮਾਰਗਦਰਸ਼ਕ, ਅਤੇ ਉਹ ਤੁਹਾਡਾ ਸੰਪੂਰਣ ਸੱਚਾਈ ਵੱਲ ਮਾਰਗਦਰਸ਼ਨ ਕਰੇਗਾ, ਅਤੇ ਉਸਦਾ ਵਚਨ ਹੀ ਸੱਚਾਈ ਹੈ।

37 ਹੁਣ, ਪਵਿੱਤਰ ਆਤਮਾ ਤੁਹਾਡੇ ਤੋਂ ਕਿਸੇ ਕਿਸਮ ਦੇ ਮਨੁੱਖ ਦੁਆਰਾ ਬਣਾਏ ਪੰਥ ਲਈ “ਆਮੀਨ” ਕਦੇ ਨਹੀਂ ਅਖਵਾਏਗੀ। ਇਹ ਕੇਵਲ ਪਰਮੇਸ਼ੁਰ ਦੇ ਵਚਨ ਨੂੰ “ਆਮੀਨ” ਨਾਲ ਵਿਰਾਮ ਚਿਨ੍ਹ ਲੱਗਾਏਗੀ, ਕਿਉਂਕਿ ਅਜਿਹਾ ਹੈ। ਪਵਿੱਤਰ ਆਤਮਾ ਤੁਹਾਨੂੰ ਕਿਸੇ ਹੋਰ ਤਰੀਕੇ ਨਾਲ ਅਗਵਾਈ ਨਹੀਂ ਕਰੇਗੀ। ਹੁਣ ਅਜੀਬ ਗੱਲ ਇਹ ਹੈ, ਕਿ ਅਸੀਂ ਸਾਰੇ, ਸਾਡੀਆਂ ਸਾਰੀਆਂ ਸਾਰੇ ਮਹਾਨ ਸੰਪਰਦਾਵਾਂ ਅਤੇ ਚੀਜ਼ਾਂ, ਅਸੀਂ ਦਾਅਵਾ ਕਰਦੇ ਹਾਂ ਕਿ ਹਰੇਕ ਪਵਿੱਤਰ ਆਤਮਾ ਦੁਆਰਾ ਅਗਵਾਈ ਕੀਤੀ ਜਾਂਦੀ ਹੈ, ਅਤੇ ਫਿਰ ਵੀ ਸਾਡੇ ਸਾਰਿਆਂ ਵਿੱਚ ਦਿਨ ਅਤੇ ਰਾਤ ਜਿੰਨਾ ਅੰਤਰ ਹੈ।

38 ਪਰ ਜਦੋਂ ਪੌਲੁਸ, ਉਹ ਛੋਟਾ ਫ਼ਰੀਸੀ ਜਿਸ ਨੇ ਉਦੋਂ ਪਵਿੱਤਰ ਆਤਮਾ ਪ੍ਰਾਪਤ ਕੀਤਾ ਜਦੋਂ ਹਨਾਨਿਯਾਹ ਨੇ ਉਸ ਨੂੰ ਬਪਤਿਸਮਾ ਦਿੱਤਾ, ਅਤੇ ਉਹ ਅਰਬ ਵਿੱਚ ਗਿਆ ਅਤੇ ਉੱਥੇ ਤਿੰਨ ਸਾਲ ਅਧਿਐਨ ਕੀਤਾ, ਵਾਪਸ ਆਇਆ, ਅਤੇ ਚੌਦਾਂ ਸਾਲਾਂ ਤਕ ਕਦੇ ਵੀ ਕਲੀਸਿਯਾ ਤੋਂ ਕਿਸੇ ਵੀ ਚੀਜ਼ ਬਾਰੇ ਸਲਾਹ ਨਹੀਂ ਲਈ, ਅਤੇ ਜਦੋਂ ਉਹ ਆਇਆ ਅਤੇ ਯਰੂਸ਼ਲਮ ਦੀ ਕਲੀਸਿਯਾ ਦੇ ਮੁਖੀ ਪਤਰਸ ਨੂੰ ਮਿਲਿਆ, ਤਾਂ ਉਹ ਸਿਧਾਂਤ ਵਿੱਚ ਪੂਰੀ ਤਰ੍ਹਾਂ ਮੇਲ ਖਾਂਦੇ ਸਨ। ਕਿਉਂ? ਉਹੀ ਪਵਿੱਤਰ ਆਤਮਾ! ਜਿੱਥੇ ਪਤਰਸ ਨੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦੇ ਰਿਹਾ ਸੀ, ਪੌਲੁਸ ਨੇ ਉਹੀ ਕੰਮ ਕੀਤਾ ਹਾਲਾਂਕਿ ਕਿਸੇ ਨੇ ਉਸ ਨੂੰ ਇਹ ਨਹੀਂ ਦੱਸਿਆ ਸੀ। ਜਿੱਥੇ ਪਤਰਸ ਪਵਿੱਤਰ ਆਤਮਾ ਦੇ ਬਪਤਿਸਮੇ ਦੀ ਸਿੱਖਿਆ ਦੇ ਰਿਹਾ ਸੀ, ਅਤੇ ਪਵਿੱਤਰਤਾ, ਅਤੇ ਇਸ ਤਰ੍ਹਾਂ ਦੀਆਂ ਚੀਜਾਂ, ਪੌਲੁਸ ਨੇ ਵੀ ਇਹੋ ਕੰਮ ਕੀਤਾ, ਕਲੀਸਿਯਾ ਦੀ ਸਲਾਹ ਤੋਂ ਬਿਨਾਂ, ਕਿਉਂਕਿ ਇਹ ਉਹੀ ਮਾਰਗਦਰਸ਼ਕ ਸੀ। ਫਿਰ ਅੱਜ ਅਸੀਂ ਉਸ ਤਰ੍ਹਾਂ ਕਿਵੇਂ ਹੋ ਸਕਦੇ ਹਾਂ ਜਦੋਂ ਲੋਕ ਇਨ੍ਹਾਂ ਸੱਚਾਈਆਂ ਤੋਂ ਇਨਕਾਰ ਕਰ ਦਿੰਦੇ ਹਨ? ਜਦੋਂ ਪਤਰਸ ਨੇ ਸਿਖਾਇਆ ਕਿ ਉਸਨੇ ਕਲੀਸਿਯਾ ਨੂੰ ਕ੍ਰਮਬੱਧ ਕਰਨ ਲਈ ਕੀ ਕੀਤਾ ਸੀ, ਪੌਲੁਸ ਕੋਲ ਵੀ ਇਹੀ ਸਿਧਾਂਤ ਸੀ, ਕਿਉਂਕਿ ਉਨ੍ਹਾਂ ਕੋਲ ਇੱਕੋ ਮਾਰਗਦਰਸ਼ਕ ਸੀ।

39 ਮਾਰਗਦਰਸ਼ਕ ਇੱਕ ਨੂੰ *ਇਸ* ਪਾਸੇ, ਅਤੇ ਇੱਕ ਨੂੰ *ਉਸ* ਪਾਸੇ ਨਹੀਂ ਲੈ ਜਾਏਗਾ, ਅਤੇ ਇੱਕ ਨੂੰ ਪੂਰਬ ਅਤੇ ਦੂਜੇ ਨੂੰ ਪੱਛਮ ਵਿੱਚ ਭੇਜੇਗਾ। ਦੇਖੋ, ਉਹ ਤੁਹਾਨੂੰ ਇਕੱਠੇ ਰੱਖੇਗਾ। ਅਤੇ ਜੇਕਰ ਅਸੀਂ ਸਿਰਫ਼ ਪਵਿੱਤਰ ਆਤਮਾ ਨੂੰ ਸਾਨੂੰ ਇਕੱਠੇ ਰੱਖਣ ਦੇਵਾਂਗੇ, ਤਾਂ ਅਸੀਂ ਇੱਕ ਹੋਵਾਂਗੇ। ਜੇ—ਜੇ ਅਸੀਂ ਸ਼ੈਤਾਨ ਨੂੰ ਸਾਨੂੰ ਗਲਤ ਰਸਤੇ ਤੇ ਨਹੀਂ ਖਿੱਚਣ ਦਿੰਦੇ, ਤਾਂ ਅਸੀਂ ਇਕ ਦਿਲ, ਇਕ ਚਿਤ, ਇਕ ਮਨ ਹੋਵਾਂਗੇ, ਇੱਕ ਆਤਮਾ ਦੁਆਰਾ, ਪਵਿੱਤਰ ਆਤਮਾ, ਪਰਮੇਸ਼ੁਰ ਦਾ ਮਾਰਗਦਰਸ਼ਕ ਸਾਡਾ ਸੰਪੂਰਣ ਸੱਚਾਈ ਵੱਲ ਮਾਰਗਦਰਸ਼ਨ ਕਰੇਗਾ। ਇਹ ਠੀਕ ਹੈ। ਪਰ ਤੁਹਾਨੂੰ ਆਪਣੀ ਮਾਰਗਦਰਸ਼ਕ ਦੇ ਪਿੱਛੇ ਚਲਣਾ ਪਵੇਗਾ। ਹਾਂ, ਸ਼੍ਰੀਮਾਨ।

40 ਨਿਕੁਦੇਮੁਸ ਨੂੰ ਦੇਖੋ, ਉਸਨੂੰ ਇੱਕ ਮਾਰਗਦਰਸ਼ਕ ਦੀ ਲੋੜ ਸੀ, ਭਾਵੇਂ ਉਹ ਇੱਕ ਹੁਸ਼ਿਆਰ ਆਦਮੀ ਸੀ। ਉਹ ਇੱਕ ਉਸਤਾਦ ਸੀ, ਲਗਭਗ ਅੱਸੀ ਸਾਲ ਦਾ। ਉਹ ਫ਼ਰੀਸੀਆਂ ਵਿੱਚੋਂ ਸੀ, ਜਾਂ—ਜਾਂ ਮਹਾਸਭਾ ਅਦਾਲਤਾਂ, ਕੌਂਸਲ, ਮੰਤਰੀ ਮੰਡਲ ਵਿੱਚੋਂ। ਉਹ ਉਨ੍ਹਾਂ ਦੇ ਮਹਾਨ ਆਦਮੀਆਂ ਵਿੱਚੋਂ ਇੱਕ ਸੀ, ਇਜ਼ਰਾਈਲ ਵਿੱਚ ਇੱਕ ਸਿੱਖਿਅਕ, ਇਸ ਵਿੱਚ ਇੱਕ ਉਸਤਾਦ। ਸੋਚੋ, ਇੱਕ ਉਸਤਾਦ ਸਿੱਖਿਅਕ! ਹਾਂ, ਉਹ ਸ਼ਰਾ ਨੂੰ ਜਾਣਦਾ ਸੀ, ਪਰ ਜਦੋਂ ਨਵੇਂ ਸਿਰਿਓਂ ਜਨਮ ਲੈਣ ਦੀ ਗੱਲ ਆਈ, ਤਾਂ ਉਸਨੂੰ ਇੱਕ ਮਾਰਗਦਰਸ਼ਕ ਦੀ ਲੋੜ ਸੀ। ਉਹ ਇਸ ਦੇ ਲਈ ਭੁੱਖਾ ਸੀ। ਉਹ ਜਾਣਦਾ ਸੀ ਕਿ ਕੁਝ ਵੱਖਰਾ ਹੋਣਾ ਚਾਹੀਦਾ ਹੈ। ਉਸ ਰਾਤ ਮਸੀਹ ਲਈ ਉਸਦੀ ਭਾਵਨਾ ਇਹ ਸਾਬਤ ਕਰਦੀ ਹੈ। ਇਹ ਇਸ ਗੱਲ ਨੂੰ ਵੀ ਸਾਬਤ ਕਰਦਾ ਹੈ, ਬਾਕੀ ਸਾਰੇ ਲੋਕਾਂ ਦੀ ਭਾਵਨਾ, ਪਰ ਕਿਸੇ ਵਿੱਚ ਵੀ ਉਸ ਜਿਹੀ—ਜਿਹੀ ਬੇਬਾਕੀ ਨਹੀਂ ਸੀ। ਉਨ੍ਹਾਂ ਵਿੱਚੋਂ ਕੋਈ ਵੀ ਨਹੀਂ ਸੀ ਜੋ ਉੱਥੇ ਆ ਸਕਦਾ ਸੀ ਕੇ ਉਹ ਕਰ ਸਕਦਾ ਜੋ ਉਸਨੇ ਕੀਤਾ ਸੀ। ਤੁਸੀਂ ਸਾਰੇ ਲੋਕ, ਨਿਕੁਦੇਮਸ ਦੀ ਨਿੰਦਾ ਕਰਦੇ ਹੋ ਕਿਉਂਕਿ ਉਹ ਰਾਤ ਨੂੰ ਆਇਆ ਸੀ। ਉਹ ਉਥੇ ਗਿਆ। ਉਹ ਪਹੁੰਚਿਆ। ਮੈਂ ਜਾਣਦਾ ਹਾਂ ਕਿ ਕੁਝ ਲੋਕ ਦਿਨ ਜਾਂ ਰਾਤ ਵੇਲੇ ਵੀ ਸ਼ੁਰੂਆਤ ਨਹੀਂ ਕਰਨਗੇ। ਪਰ ਉਹ ਉੱਥੇ ਪਹੁੰਚ ਗਿਆ, ਅਤੇ ਉਸਨੂੰ ਇੱਕ ਮਾਰਗਦਰਸ਼ਕ ਦੀ ਲੋੜ ਸੀ, ਅਤੇ ਉਸਨੇ ਕਿਹਾ, "ਸੁਆਮੀ ਜੀ, ਅਸੀਂ," ਮਹਾਸਭਾ ਅਦਾਲਤ ਵੱਲੋਂ, "ਅਸੀਂ ਜਾਣਦੇ ਹਾਂ ਜੋ ਤੁਸੀਂ ਗੁਰੂ ਹੋ ਕੇ ਪਰਮੇਸ਼ੁਰ ਦੀ ਵੱਲੋਂ ਆਏ ਹੋ।" ਕਿਉਂ ਉਸ ਨੂੰ ਇਹ ਪਤਾ ਸੀ? ਉਹ ਪ੍ਰਮਾਣਿਤ ਹੋਇਆ ਸੀ। ਦੇਖੋ, ਉਹ ਜਾਣਨਾ ਚਾਹੁੰਦਾ ਸੀ ਕਿ ਇਸ ਨਵੇਂ ਜਨਮ ਦਾ ਕੀ ਅਰਥ ਸੀ, ਅਤੇ ਉਹ ਸਹੀ ਵਿਅਕਤੀ ਕੋਲ ਗਿਆ ਸੀ, ਕਿਉਂਕਿ ਪਰਮੇਸ਼ੁਰ ਨੇ ਸਾਬਤ ਕੀਤਾ ਸੀ ਕਿ ਇਹ ਉਸਦਾ ਮਾਰਗ ਦਰਸ਼ਕ ਸੀ, ਯਿਸੂ। ਦੇਖੋ ਉਸਨੇ ਕੀ ਕਿਹਾ, "ਸੁਆਮੀ ਜੀ, ਅਸੀਂ ਜਾਣਦੇ ਹਾਂ ਕਿ ਤੁਸੀਂ ਇੱਕ ਗੁਰੂ ਹੋ ਕੇ ਪਰਮੀਸਹੁਰ ਵੱਲੋਂ ਆਏ ਹੋ, ਕਿਉਂਕਿ ਏਹ ਕੰਮ

ਜਿਹੜੇ ਤੁਸੀਂ ਕਰਦੇ ਹੋ ਕੋਈ ਵੀ ਨਹੀਂ ਵਿਖਾ ਸੱਕਦਾ, ਜੇ ਪਰਮੇਸ਼ੁਰ ਉਹ ਦੇ ਨਾਲ ਨਾ ਹੋਵੇ।"

41 ਇਹ ਉੱਥੇ ਇੱਕ ਪ੍ਰਮਾਣ ਸੀ, ਕਿ ਉਸਦੇ ਅੰਦਰ ਇੱਕ ਜੀਵਤ ਪਰਮੇਸ਼ੁਰ ਸੀ। ਜੋ ਉਸਨੇ ਗਵਾਹੀ ਦਿੱਤੀ, "ਮੈਂ ਨਹੀਂ ਜੋ ਇਹ ਕੰਮ ਕਰਦਾ ਹਾਂ; ਇਹ ਮੇਰਾ ਪਿਤਾ ਹੈ ਜੋ ਮੇਰੇ ਵਿੱਚ ਵੱਸਦਾ ਹੈ। ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਪੁੱਤਰ ਆਪਣੇ ਆਪ ਤੋਂ ਕੁਝ ਨਹੀਂ ਕਰ ਸਕਦਾ; ਪਰ ਜੋ ਕੁਝ ਉਹ ਪਿਤਾ ਨੂੰ ਕਰਦੇ ਵੇਖਦਾ ਹੈ, ਪੁੱਤਰ ਵੀ ਉਸੇ ਤਰ੍ਹਾਂ ਕਰਦਾ ਹੈ। ਪਿਤਾ ਕੰਮ ਕਰਦਾ ਹੈ, ਅਤੇ ਮੈਂ ਵੀ ਕੰਮ ਕਰਦਾ ਹਾਂ।" ਦੂਜੇ ਸ਼ਬਦਾਂ ਵਿਚ, ਪਰਮੇਸ਼ੁਰ ਨੇ ਉਸ ਨੂੰ ਦਿਖਾਇਆ ਕਿ ਕੀ ਕਰਨਾ ਹੈ, ਅਤੇ ਉਹ ਗਿਆ ਅਤੇ ਇਸ ਨੂੰ ਲਾਗੂ ਕੀਤਾ। ਉਸਨੇ ਉਦੋਂ ਤੱਕ ਕੁਝ ਨਹੀਂ ਕੀਤਾ ਜਦੋਂ ਤੱਕ ਪਰਮੇਸ਼ੁਰ ਨੇ ਉਸਨੂੰ ਅਜਿਹਾ ਕਰਨ ਲਈ ਨਹੀਂ ਕਿਹਾ। ਆਮੀਨ। ਇਹ ਇਸ ਦੇ ਅਸਲ ਸਪੱਸ਼ਟ ਤੱਥ ਹਨ। ਜੇ ਅਸੀਂ ਸਿਰਫ ਅੱਗੇ ਵਧਦੇ ਅਤੇ ਇੰਤਜ਼ਾਰ ਕਰਦੇ ਜਦੋਂ ਤੱਕ ਰੂਹ ਸਾਨੂੰ ਅੱਗੇ ਵਧਣ ਲਈ ਪ੍ਰੇਰਿਤ ਨਹੀਂ ਕਰਦੀ! ਇਹੀ ਗੱਲ ਹੈ। ਅਤੇ ਫਿਰ ਅਸੀ ਮਸੀਹ ਵਿੱਚ ਪੂਰੀ ਤਰ੍ਹਾਂ ਖੋ ਜਾਂਦੇ ਕਿ ਉਸਨੂੰ ਤੁਹਾਨੂੰ ਮੇਰੀ ਤਰ੍ਹਾਂ ਇੱਧਰ-ਉੱਧਰ ਧੱਕਣ ਦੀ ਲੋੜ ਨਾ ਪੈਂਦੀ, ਪਰ ਉਸਦੇ ਸਿਰ ਦੇ ਪਹਿਲੇ ਇਸ਼ਾਰੇ ਨਾਲ ਹੀ, ਤੁਸੀਂ ਤਿਆਰ ਹੋ ਜਾਂਦੇ ਹੋ, ਅਤੇ ਤੁਹਾਨੂੰ ਕੁਝ ਵੀ ਨਹੀਂ ਰੋਕ ਸਕਦਾ, ਕਿਉਂਕਿ ਤੁਸੀਂ ਜਾਣਦੇ ਹੋ ਕਿ ਇਹ ਪਰਮੇਸ਼ੁਰ ਦੀ ਇੱਛਾ ਹੈ।

42 ਉਸਨੂੰ ਇੱਕ ਮਾਰਗਦਰਸ਼ਕ ਦੀ ਲੋੜ ਸੀ। ਉਹ ਇੱਕ ਪ੍ਰਮਾਣਿਤ ਮਾਰਗਦਰਸ਼ਕ ਸੀ। ਉਸ ਨੂੰ ਇਸ ਮਾਰਗਦਰਸ਼ਕ ਦੁਆਰਾ ਅਗਵਾਈ ਕੀਤਾ ਸਕਦਾ ਸੀ ਕਿਉਂਕਿ ਉਹ ਜਾਣਦਾ ਸੀ ਕਿ ਇਹ ਮਾਰਗਦਰਸ਼ਕ ਪਰਮੇਸ਼ੁਰ ਤੋਂ ਪ੍ਰੇਰਿਤ ਸੀ। ਉਹ ਜਾਣਦਾ ਸੀ ਕਿ ਜਿਹੜੇ ਰਿਵਾਜ ਉਸ ਨੇ ਨਿਭਾਏ ਸਨ, ਸ਼ਾਇਦ ਜਿਹੜੇ ਫ਼ਰੀਸੀਆਂ, ਸਦੂਕੀਆਂ ਦੇ ਸਨ, ਅਤੇ ਹੋਰ ਜੋ ਵੀ ਸਨ, ਉਸ ਨੇ ਉਨ੍ਹਾਂ ਸਾਰੇ ਧਰਮਾਂ ਦੀ ਪੂਰੀ ਸੇਵਾ ਕੀਤੀ ਸੀ ਅਤੇ ਕੁਝ ਵੀ ਹੁੰਦਾ ਹੋਇਆ ਨਹੀਂ ਵੇਖਿਆ ਸੀ। ਪਰ ਇੱਥੇ ਇੱਕ ਆਦਮੀ ਦ੍ਰਿਸ਼ ਤੇ ਆਉਂਦਾ ਹੈ, ਕਹਿੰਦਾ ਹੈ ਕਿ ਉਹ ਬਾਈਬਲ ਦਾ ਵਾਅਦਾ ਕੀਤਾ ਹੋਇਆ ਮਸੀਹਾ ਹੈ। ਫਿਰ ਉਹ ਮੁੜਦਾ ਹੈ ਅਤੇ ਬਿਲਕੁਲ ਪਰਮੇਸ਼ੁਰ ਦੇ ਹੀ ਕੰਮ ਕਰਦਾ ਹੈ। ਯਿਸੂ ਨੇ ਕਿਹਾ, "ਜੇ ਮੈਂ ਆਪਣੇ ਪਿਤਾ ਦੇ ਕੰਮ ਨਹੀਂ ਕਰਦਾ, ਤਾਂ ਮੇਰੇ ਤੇ ਵਿਸ਼ਵਾਸ ਨਾ ਕਰੋ। ਪਰ ਜੇ ਤੁਸੀਂ ਮੇਰੇ ਤੇ ਵਿਸ਼ਵਾਸ ਨਹੀਂ ਕਰ ਸਕਦੇ, ਤਾਂ ਉਨ੍ਹਾਂ ਕੰਮਾਂ ਤੇ ਵਿਸ਼ਵਾਸ ਕਰੋ ਜੋ ਮੈਂ ਕਰਦਾ ਹਾਂ, ਕਿਉਂਕਿ ਉਹ ਮੇਰੇ ਬਾਰੇ ਗਵਾਹੀ ਦਿੰਦੇ ਹਨ।"

43 ਫਿਰ, ਕੋਈ ਹੈਰਾਨੀ ਦੀ ਗੱਲ ਨਹੀਂ ਕਿ ਨਿਕੁਦੇਮਸ ਕਹਿ ਸਕਦਾ ਸੀ, "ਸੁਆਮੀ ਜੀ, ਅਸੀਂ ਜਾਣਦੇ ਹਾਂ ਕਿ ਤੁਸੀਂ ਗੁਰੂ ਹੋ ਜੋ ਪਰਮੇਸ਼ੁਰ ਵੱਲੋਂ ਆਏ

ਹੋ, ਕਿਉਂਕਿ ਕੋਈ ਵੀ ਵਿਅਕਤੀ ਉਹ ਕੰਮ ਨਹੀਂ ਕਰ ਸਕਦਾ ਜੋ ਤੁਸੀਂ ਕਰਦੇ ਹੋ ਜਿਨਾਂ ਚਿਰ ਪਰਮੇਸ਼ੁਰ ਉਸ ਦੇ ਨਾਲ ਨਾ ਹੋਵੇ।" ਦੇਖੋ, ਉਸਨੂੰ ਇੱਕ ਮਾਰਗਦਰਸ਼ਕ ਦੀ ਲੋੜ ਸੀ, ਹਾਲਾਂਕਿ ਉਹ ਚੀਜ਼ ਦਾ ਉਸਤਾਦ ਸੀ। ਉਹ ਆਪਣੀ ਕਲੀਸਿਯਾ ਦਾ ਉਸਤਾਦ ਸੀ। ਉਸ ਕੋਲ ਸਨਮਾਨ ਸੀ, ਅਤੇ ਉਸ ਕੋਲ—ਉਸ ਕੋਲ ਪ੍ਰਮੁੱਖ ਸਥਾਨ ਸਨ, ਅਤੇ ਉਹ ਇੱਕ ਮਹਾਨ ਵਿਅਕਤੀ ਸੀ; ਬੇਸ਼ੱਕ, ਦੇਸ਼ ਦੇ ਸਾਰੇ ਲੋਕਾਂ ਤੋਂ ਉਸਨੂੰ ਆਦਰ ਮਿਲਦਾ ਸੀ। ਪਰ ਜਦੋਂ ਨਵੇਂ ਸਿਰਿਓਂ ਜਨਮ ਲੈਣ ਦੀ ਗੱਲ ਆਈ, ਉਸਨੂੰ ਇੱਕ ਮਾਰਗਦਰਸ਼ਕ ਦੀ ਲੋੜ ਸੀ! ਇਸੇ ਤਰ੍ਹਾਂ ਸਾਨੂੰ ਵੀ, ਹਾਂ, ਸਾਨੂੰ ਇੱਕ ਮਾਰਗਦਰਸ਼ਕ ਦੀ ਲੋੜ ਸੀ।

44 ਕੁਰਨੇਲਿਯੁਸ, ਉਹ ਇੱਕ ਮਹਾਨ ਵਿਅਕਤੀ ਸੀ, ਇੱਕ ਸਤਿਕਾਰਯੋਗ ਆਦਮੀ ਸੀ। ਉਸ ਨੇ ਗਿਰਜਾਘਰ ਬਣਾਏ। ਉਸ ਨੇ ਯਹੂਦੀਆਂ ਦਾ ਆਦਰ ਕੀਤਾ ਕਿਉਂਕਿ ਉਸਨੂੰ ਪਤਾ ਸੀ ਕਿ ਉਨ੍ਹਾਂ ਦਾ ਧਰਮ ਸਹੀ ਸੀ। ਅਤੇ ਉਹ ਦਾਨ ਦਿੰਦਾ ਸੀ, ਅਤੇ ਉਹ ਹਰ ਰੋਜ਼ ਪ੍ਰਾਰਥਨਾ ਕਰਦਾ ਸੀ, ਪਰ ਜਦੋਂ ਪਵਿੱਤਰ ਆਤਮਾ ਆਇਆ (ਕਲੀਸਿਯਾ ਵਿੱਚ ਕੁਝ ਜੋੜਿਆ ਗਿਆ ਸੀ), ਉਸਨੂੰ ਇੱਕ ਮਾਰਗਦਰਸ਼ਕ ਦੀ ਲੋੜ ਸੀ। ਪਰਮੇਸ਼ੁਰ ਨੇ ਉਸ ਲਈ ਪਵਿੱਤਰ ਆਤਮਾ ਭੇਜਿਆ। ਉਸਨੇ ਇਸਨੂੰ ਪਤਰਸ ਦੇ ਰੂਪ ਵਿੱਚ ਭੇਜਿਆ, "ਕਿਉਂਕਿ ਜਦੋਂ ਪਤਰਸ ਅਜੇ ਇਹ ਸ਼ਬਦ ਬੋਲਦਾ ਹੀ ਸੀ, ਪਵਿੱਤਰ ਆਤਮਾ ਉਸ ਉੱਤੇ ਆ ਗਿਆ।" [ਟੇਪ ਤੇ ਖਾਲੀ ਥਾਂ—ਸੰਪਾ.] ਪਰਮੇਸ਼ੁਰ ਨੇ ਪਤਰਸ ਦੁਆਰਾ ਮਾਰਗਦਰਸ਼ਕ ਦੀ ਵਰਤੋਂ ਕੀਤੀ। ਉਸਨੇ ਇਸਦਾ ਉਪਯੋਗ ਕੀਤਾ, ਕਿਉਂਕਿ ਉਸਨੇ ਕੁਰਨੇਲਿਯੁਸ ਦੀ ਸਹੀ ਰਾਹ ਤੇ ਅਗਵਾਈ ਕੀਤੀ ਸੀ। ਅਤੇ ਜਦੋਂ ਉਹ ਅਜੇ ਬੋਲ ਹੀ ਰਿਹਾ ਸੀ, ਪਵਿੱਤਰ ਆਤਮਾ ਪਰਾਈਆਂ ਕੌਮਾਂ ਦੇ ਉੱਤੇ ਆ ਗਿਆ। ਫਿਰ ਉਸ ਨੇ ਕਿਹਾ, "ਕੀ ਇੱਕ ਆਦਮੀ ਪਾਣੀ ਨੂੰ ਰੋਕ ਸਕਦਾ ਹੈ, ਕਿ ਇਹਨਾਂ ਨੂੰ ਬਪਤਿਸਮਾ ਨਾ ਦਿੱਤਾ ਜਾਵੇ?" ਦੇਖੋ, ਅਜੇ ਵੀ ਮਾਰਗਦਰਸ਼ਕ ਬੋਲ ਰਿਹਾ ਹੈ, ਪਤਰਸ ਨਹੀਂ। ਕਿਉਂਕਿ ਉਹ ਯਹੂਦੀ ਦਾ ਝੁੰਡ ਸੀ…ਜਾਂ ਗ਼ੈਰ-ਯਹੂਦੀ, ਜਿਹੜੇ ਉਸ ਲਈ "ਗੰਦੇ, ਮੈਲੇ" ਸਨ, ਅਤੇ ਉਹ ਜਾਣਾ ਵੀ ਨਹੀਂ ਚਾਹੁੰਦਾ ਸੀ। ਪਰ ਮਾਰਗਦਰਸ਼ਕ ਨੇ ਕਿਹਾ, "ਮੈਂ ਤੈਨੂੰ ਭੇਜ ਰਿਹਾ ਹਾਂ।" ਜਦੋਂ ਮਾਰਗਦਰਸ਼ਕ ਪੂਰੀ ਤਰ੍ਹਾਂ ਕਾਬੂ ਕਰ ਲੈਂਦਾ ਹੈ, ਤਾਂ ਤੁਸੀਂ ਉਹ ਕੰਮ ਕਰਦੇ ਹੋ ਜੋ ਤੁਸੀਂ ਨਹੀਂ ਸੋਚਦੇ ਕਿ ਤੁਸੀਂ ਕਰੋਗੇ, ਜਦੋਂ ਤੁਸੀਂ ਉਸਨੂੰ ਤੁਹਾਡੀ ਅਗਵਾਈ ਕਰਨ ਦਿੰਦੇ ਹੋ। ਔਹ, ਪਵਿੱਤਰ ਆਤਮਾ ਦੁਆਰਾ ਅਗਵਾਈ ਕੀਤੇ ਜਾਣਾ ਕਿੰਨਾ ਸ਼ਾਨਦਾਰ ਹੈ। ਉਹ ਮਾਰਗ ਦਰਸ਼ਕ ਹੈ। ਠੀਕ ਹੈ। ਉਸਨੇ ਪਤਰਸ ਰਾਹੀਂ ਗੱਲ ਕੀਤੀ ਅਤੇ ਉਸਨੂੰ ਦੱਸਿਆ ਕਿ ਉਸਨੂੰ ਕੀ ਕਰਨਾ ਚਾਹੀਦਾ ਹੈ। ਫਿਰ ਜਦੋਂ ਉਨ੍ਹਾਂ ਸਾਰਿਆਂ ਨੇ ਪਵਿੱਤਰ ਆਤਮਾ ਪ੍ਰਾਪਤ ਕੀਤਾ, ਉਸਨੇ ਕਿਹਾ, "ਕੀ ਕੋਈ ਪਾਣੀ ਨੂੰ ਰੋਕ ਸੱਕਦਾ ਹੈ ਕਿ ਏਹਨਾਂ ਲੋਕਾਂ ਨੂੰ ਜਿਨ੍ਹਾਂ ਸਾਡੇ ਵਾਂਙੁ

ਪਵਿੱਤ੍ਰ ਆਤਮਾ ਪਾਇਆ ਹੈ ਬਪਤਿਸਮਾ ਨਾ ਦਿੱਤਾ ਜਾਵੇ।" ਅਤੇ ਉਨ੍ਹਾਂ ਨੂੰ ਪ੍ਰਭੂ ਯਿਸੂ ਦੇ ਨਾਮ ਵਿੱਚ ਬਪਤਿਸਮ ਦਿੱਤਾ। ਹੁਣ, ਇਹ ਕੰਮ ਕਰਨ ਲਈ ਉਨ੍ਹਾਂ ਦੀ ਕਿਸਨੇ ਅਗਵਾਈ ਕੀਤੀ? ਉਹ ਮਾਰਗਦਰਸ਼ਕ ਜੋ ਉਸ ਵਿੱਚ ਸੀ। ਕੀ ਯਿਸੂ ਨੇ ਉਨ੍ਹਾਂ ਨੂੰ ਨਹੀਂ ਦੱਸਿਆ, "ਇਹ ਨਾ ਸੋਚੋ ਕਿ ਤੁਸੀਂ ਕੀ ਕਹੋਗੇ, ਕਿਉਂਕਿ ਬੋਲਣ ਵਾਲੇ ਤੁਸੀਂ ਨਹੀਂ ਹੋਵੋਗੇ; ਇਹ ਪਿਤਾ ਹੈ ਜੋ ਤੁਹਾਡੇ ਵਿੱਚ ਵੱਸਦਾ ਹੈ, ਉਹ ਬੋਲਦਾ ਹੈ"? ਆਮੀਨ।

45 ਖੋਜਾ, ਯਰੂਸ਼ਲਮ ਤੋਂ ਆ ਰਿਹਾ ਸੀ। ਅਤੇ ਪਰਮੇਸ਼ੁਰ ਕੋਲ ਉਸ ਸਮੇਂ ਸੰਸਾਰ ਵਿੱਚ ਇੱਕ ਮਾਰਗਦਰਸ਼ਕ ਸੀ, ਪਵਿੱਤਰ ਆਤਮਾ, ਅਤੇ ਉਸ ਕੋਲ ਉੱਥੇ ਇੱਕ ਆਦਮੀ ਸੀ ਜੋ ਇਸ ਮਾਰਗਦਰਸ਼ਕ ਨਾਲ ਭਰਿਆ ਹੋਇਆ ਸੀ। ਉਹ ਇੱਕ ਪ੍ਰਚਾਰਕ ਵੀ ਨਹੀਂ ਸੀ, ਉਹ ਇੱਕ ਡੀਕਨ ਵਰਗਾ ਸੀ। ਅਤੇ ਉਹ ਉੱਥੇ ਬਿਮਾਰਾਂ ਨੂੰ ਚੰਗਾ ਕਰ ਰਿਹਾ ਸੀ ਅਤੇ ਭੂਤਾਂ ਨੂੰ ਕੱਢ ਰਿਹਾ ਸੀ, ਅਤੇ ਇੱਕ ਵੱਡੀ ਹਲਚਲ ਮਚਾ ਰਿਹਾ ਸੀ, ਸ਼ਹਿਰ ਵਿੱਚ ਬਹੁਤ ਖੁਸ਼ੀ ਸੀ। ਉਸਦੇ ਆਲੇ ਦੁਆਲੇ ਸੈਂਕੜੇ ਲੋਕ ਇਕੱਠੇ ਹੋ ਗਏ ਸਨ, ਅਤੇ ਮਾਰਗਦਰਸ਼ਕ ਨੇ ਕਿਹਾ, "ਇਹ ਬਹੁਤ ਦੂਰ ਹੈ, ਆਓ ਇਸ ਪਾਸਿਓਂ ਪਿਛਾਂਹ ਨੂੰ ਚਲੀਏ।" ਉਸਨੇ ਆਪਣੇ ਮਾਰਗਦਰਸ਼ਕ ਨਾਲ ਵਿਵਾਦ ਨਹੀਂ ਕੀਤਾ।

46 ਆਪਣੇ ਮਾਰਗਦਰਸ਼ਕ ਦੇ ਵਚਨ ਤੇ ਕਦੇ ਵੀ ਵਿਵਾਦ ਨਾ ਕਰੋ। ਉਸ ਦੇ ਪਿੱਛੇ ਚਲੋ। ਜੇ ਤੁਸੀਂ ਅਜਿਹਾ ਨਹੀਂ ਕਰਦੇ, ਤਾਂ ਤੁਸੀਂ ਗੁੰਮ ਹੋ ਜਾਓਗੇ। ਅਤੇ, ਯਾਦ ਰੱਖੋ, ਜਦੋਂ ਤੁਸੀਂ ਉਸਨੂੰ ਛੱਡ ਦਿੰਦੇ ਹੋ, ਤੁਸੀਂ ਆਪਣੇ ਆਪ ਤੇ ਨਿਰਭਰ ਹੋ ਜਾਂਦੇ ਹੋ, ਇਸ ਲਈ ਅਸੀਂ ਮਾਰਗਦਰਸ਼ਕ ਦੇ ਨੇੜੇ ਰਹਿਣਾ ਚਾਹੁੰਦੇ ਹਾਂ।

47 ਇਸ ਲਈ ਰਾਹ ਵਿੱਚ, ਉਸਨੇ ਕਿਹਾ, "ਹੁਣ ਇਸ ਝੁੰਡ ਨੂੰ ਛੱਡ ਦੇ, ਫਿਲਿੱਪੁਸ, ਅਤੇ ਮਾਰੂਥਲ ਵਿੱਚ ਜਾ ਜਿੱਥੇ ਕੋਈ ਨਹੀਂ ਹੈ। ਪਰ ਮੈਂ ਤੈਨੂੰ ਉੱਥੇ ਭੇਜ ਰਿਹਾ ਹਾਂ, ਅਤੇ ਜਦੋਂ ਮੈਂ ਤੈਨੂੰ ਉੱਥੇ ਲੈ ਜਾਵਾਂਗਾ ਤਾਂ ਉੱਥੇ ਕੋਈ ਹੋਵੇਗਾ।" ਇੱਥੇ ਇੱਕ ਇਕੱਲਾ ਖੋਜਾ ਆਇਆ, ਉਹ ਇਥੋਪੀਆ ਵਿੱਚ ਰਾਣੀ ਲਈ ਇੱਕ ਮਹਾਨ ਆਦਮੀ ਸੀ। ਤਾਂ ਉਹ ਯਸਾਯਾਹ ਦੀ ਪੋਥੀ ਪੜ੍ਹਦਾ ਹੋਇਆ ਆ ਰਿਹਾ ਸੀ। ਅਤੇ ਮਾਰਗਦਰਸ਼ਕ ਨੇ ਕਿਹਾ, "ਰੱਥ ਦੇ ਨੇੜੇ ਜਾ।"

ਅਤੇ ਉਸਨੇ ਕਿਹਾ, " ਜੋ ਕੁਝ ਤੁਸੀਂ ਪੜ੍ਹਦੇ ਹੋ ਕੀ ਉਸ ਨੂੰ ਸਮਝਦੇ ਵੀ ਹੋ?"

48 ਉਸ ਨੇ ਕਿਹਾ, "ਜਦ ਕੋਈ ਮੈਨੂੰ ਰਾਹ ਦੱਸਣ ਵਾਲਾ ਨਹੀਂ ਤਾਂ ਮੈਂ ਕਿਵੇਂ ਸਮਝ ਸਕਦਾ ਹਾਂ?" ਔਹ, ਮੇਰੇ! ਪਰ ਫ਼ਿਲਿੱਪੁਸ ਕੋਲ ਮਾਰਗਦਰਸ਼ਕ ਸੀ। ਆਮੀਨ। ਅਤੇ ਉਸਨੇ ਉਸੇ ਲਿਖਤ ਤੋਂ ਸ਼ੁਰੂ ਕੀਤਾ, ਅਤੇ ਉਸਨੂੰ ਮਸੀਹ ਦਾ ਪ੍ਰਚਾਰ ਕੀਤਾ। ਆਮੀਨ। ਮਾਰਗਦਰਸ਼ਕ! ਉਸ ਨੂੰ ਕਿਸੇ ਪੰਥ ਬਾਰੇ ਨਹੀਂ

ਦੱਸਿਆ, ਉਸ ਨੇ ਉਸ ਨੂੰ ਮਾਰਗਦਰਸ਼ਕ, ਮਸੀਹ ਬਾਰੇ ਦੱਸਿਆ! ਅਤੇ ਉਸਨੇ ਉਸਨੂੰ ਉਥੇ ਪਾਣੀ ਵਿੱਚ ਬਪਤਿਸਮਾ ਦਿੱਤਾ। ਯਕੀਨਨ, ਇਹ ਸੀ। ਔਹ, ਮੈਂ ਇਸ ਨੂੰ ਕਿੰਨਾ ਪਸੰਦ ਕਰਦਾ ਹਾਂ!

49 ਜਦੋਂ ਇਜ਼ਰਾਈਲ ਨੇ ਮਿਸਰ ਨੂੰ ਵਾਅਦਾ ਕੀਤੇ ਹੋਏ ਦੇਸ਼ ਲਈ ਛੱਡ ਦਿੱਤਾ, ਕੂਚ 13:21 ਵਿੱਚ, ਪਰਮੇਸ਼ੁਰ ਜਾਣਦਾ ਸੀ ਕਿ ਉਨ੍ਹਾਂ ਨੇ ਪਹਿਲਾਂ ਕਦੇ ਉਸ ਰਾਹ ਤੇ ਸਫ਼ਰ ਨਹੀਂ ਕੀਤਾ ਸੀ। ਇਹ ਸਿਰਫ਼ ਚਾਲੀ ਮੀਲ ਦਾ ਸਫ਼ਰ ਸੀ, ਪਰ ਫਿਰ ਵੀ ਉਨ੍ਹਾਂ ਨੂੰ ਆਪਣੇ ਨਾਲ ਜਾਣ ਲਈ ਕੁਝ ਚਾਹੀਦਾ ਸੀ। ਉਹ ਆਪਣਾ ਰਾਹ ਭੁੱਲ ਜਾਣਗੇ। ਇਸ ਲਈ ਉਸ ਨੇ, ਪਰਮੇਸ਼ੁਰ ਨੇ ਉਨ੍ਹਾਂ ਨੂੰ ਇੱਕ ਮਾਰਗ ਦਰਸ਼ਕ ਭੇਜਿਆ। ਕੂਚ 13:21, ਕੁਝ ਇਸ ਤਰ੍ਹਾਂ, "ਮੈਂ ਆਪਣੇ ਦੂਤ ਨੂੰ ਤੁਹਾਡੇ ਅੱਗੇ ਭੇਜਦਾ ਹਾਂ, ਅੱਗ ਦਾ ਥੰਮ੍ਹ, ਤੁਹਾਨੂੰ ਰਸਤੇ ਵਿੱਚ ਰੱਖਣ ਲਈ," ਉਨ੍ਹਾਂ ਦੀ ਇਸ ਵਾਅਦਾ ਕੀਤੀ ਧਰਤੀ ਵੱਲ ਅਗੁਵਾਈ ਕਰਨ ਲਈ। ਅਤੇ ਇਜ਼ਰਾਈਲ ਦੇ ਬਾਲਕ ਉਸ ਮਾਰਗਦਰਸ਼ਕ ਦੇ ਪਿੱਛੇ ਚਲੇ, ਅੱਗ ਦਾ ਥੰਮ੍ਹ (ਰਾਤ ਨੂੰ), ਦਿਨ ਨੂੰ ਬੱਦਲ ਦਾ। ਜਦੋਂ ਇਹ ਰੁਕਦਾ ਸੀ, ਉਹ ਰੁਕ ਜਾਂਦੇ ਸਨ। ਜਦੋਂ ਇਹ ਸਫ਼ਰ ਕਰਦਾ ਸੀ, ਤਾਂ ਉਹ ਵੀ ਸਫ਼ਰ ਕਰਦੇ ਸਨ। ਅਤੇ ਜਦੋਂ ਉਹ ਉਨ੍ਹਾਂ ਨੂੰ ਧਰਤੀ ਦੇ ਨੇੜੇ ਲੈ ਗਿਆ, ਅਤੇ ਉਹ ਪਾਰ ਜਾਣ ਦੇ ਯੋਗ ਨਹੀਂ ਸਨ, ਤਾਂ ਉਹ ਉਨ੍ਹਾਂ ਨੂੰ ਦੁਬਾਰਾ ਉਜਾੜ ਵਿੱਚ ਲੈ ਗਿਆ। ਉਹ ਉਨ੍ਹਾਂ ਦੇ ਨਾਲ ਨਹੀਂ ਜਾਵੇਗਾ।

50 ਇਹ ਉਹੀ ਹੈ, ਜੋ ਅੱਜ ਕਲੀਸਿਯਾ ਹੈ। ਕੋਈ ਸ਼ੱਕ ਨਹੀਂ ਕਿ ਅੱਜ ਪਰਮੇਸ਼ੁਰ ਦੀ ਸਹਿਨਸ਼ੀਲਤਾ, ਬਿਲਕੁਲ ਜਿਵੇਂ ਨੂਹ ਦੇ ਦਿਨਾਂ ਵਿੱਚ ਸੀ, ਚਰਚ ਹੁਣ ਤੱਕ ਚੱਲੀ ਗਈ ਹੋਣੀ ਸੀ ਜੇ ਉਹ ਸਿਰਫ ਠੀਕ ਕੀਤੀ ਜਾਂ ਸਹੀ ਤਰਤੀਬ ਵਿੱਚ ਰੱਖੀ ਹੋਈ ਹੁੰਦੀ। ਪਰ ਉਸ ਨੂੰ ਸਾਨੂੰ ਮੁੜ ਮੁੜ ਕੇ ਘੁੰਮਾਉਣਾ ਪੈਂਦਾ ਹੈ।

51 ਇਸਰਾਏਲ ਨੂੰ ਕੀ ਪਤਾ ਸੀ, ਜਦੋਂ ਉਹ ਮਿਸਰ ਦੇ ਮਰੇ ਹੋਏ ਸਿਪਾਹੀਆਂ ਨੂੰ ਦੇਖ ਕੇ ਰੌਲਾ ਪਾ ਰਹੇ ਸਨ, ਡੁੱਬੇ ਘੋੜੇ, ਫ਼ਿਰਊਨ ਦੇ ਪਲਟੇ ਹੋਏ ਰਥ, ਉਹਨਾਂ ਦੀ ਜਿੱਤ ਹੋਈ ਸੀ, ਮੂਸਾ ਆਤਮਾ ਵਿੱਚ, ਆਤਮਾ ਵਿੱਚ ਗਾਉਂਦਾ ਸੀ, ਮਰੀਅਮ ਆਤਮਾ ਵਿੱਚ ਨੱਚਦੀ ਸੀ, ਅਤੇ ਇਸਰਾਏਲ ਦੀਆਂ ਧੀਆਂ ਕੰਢੇ ਉੱਤੇ ਏਧਰ ਉਧਰ ਭੱਜ ਰਹੀਆਂ ਸਨ, ਰੌਲਾ ਪਾਉਂਦੀਆਂ ਅਤੇ ਨੱਚਦੀਆਂ, ਉਹ ਦੁੱਧ ਅਤੇ ਸ਼ਹਿਦ ਤੋਂ ਕੁਝ ਦਿਨ ਹੀ ਦਿਨ ਦੂਰ ਸਨ। ਉਨ੍ਹਾਂ ਨੂੰ ਕੀ ਪਤਾ ਸੀ ਕਿ ਇਹ ਚਾਲੀ ਸਾਲ ਦੂਰ ਸੀ, ਕਿਉਂਕਿ ਉਨ੍ਹਾਂ ਨੇ ਪਰਮੇਸ਼ੁਰ ਅਤੇ ਮਾਰਗਦਰਸ਼ਕ ਦੇ ਵਿਰੁੱਧ ਬੁੜਬੁੜਾਉਣਾ ਸ਼ੁਰੂ ਕਰ ਦਿੱਤਾ।

52 ਅਤੇ ਅਸੀਂ ਆਪਣੇ ਆਪ ਨੂੰ ਉਸੇ ਤਰ੍ਹਾਂ ਪਾਉਂਦੇ ਹਾਂ। ਮੈਂ ਇੱਥੋਂ ਬਾਅਦ ਸ਼ਰੇਵਪੋਰਟ ਜਾਵਾਂਗਾ। ਅਤੇ ਪਵਿੱਤਰ ਆਤਮਾ ਪੰਜਾਹ ਸਾਲ ਪਹਿਲਾਂ,

ਸ਼ੁੱਕਰਾਨਾ ਦਿਵਸ ਵਾਲੇ ਦਿਨ, ਲੁਈਸਿਆਨਾ ਵਿੱਚ—ਵਿੱਚ ਉਤਰਿਆ ਸੀ। ਉਸ ਸਮੇਂ ਤੋਂ ਕਲੀਸਿਯਾ ਕਿੰਨੀ ਡਿੱਗ ਗਈ ਹੈ! ਕੀ ਤੁਸੀਂ ਜਾਣਦੇ ਹੋ ਕਿ ਰੋਮਨ ਕੈਥੋਲਿਕ ਕਲੀਸਿਯਾ ਆਪਣੀ ਸ਼ੁਰੂਆਤ ਵਿੱਚ ਪੈਂਟੇਕੋਸਟਲ ਕਲੀਸਿਯਾ ਸੀ? ਇਹ ਸੱਚਾਈ ਹੈ। ਇਹ ਠੀਕ ਹੈ। ਇਹ ਇੱਕ ਪੈਂਟੇਕੋਸਟਲ ਕਲੀਸਿਯਾ ਸੀ, ਪਰ ਕਠੋਰ ਇਜ਼ਤਦਾਰ ਲੋਕ ਅੰਦਰ ਆਉਣ ਲੱਗੇ ਅਤੇ ਪਰਮੇਸ਼ੁਰ ਦੇ ਲਿਖਤਾਂ ਨੂੰ ਆਪਣੀਆਂ ਰਵਾਇਤਾਂ ਵਿੱਚ ਬਦਲਣ ਲੱਗ ਪਏ, ਉਨ੍ਹਾਂ ਨੇ ਇਸ ਵਿੱਚ ਆਪਣੇ ਮਤ ਅਤੇ ਹੋਰ ਚੀਜ਼ਾਂ ਸ਼ਾਮਲ ਕਰ ਦਿੱਤੀਆਂ। ਤੇ ਅੱਜ ਦੇਖੋ ਉਹਨਾਂ ਕੋਲ ਕੀ ਹੈ, ਕਿਸੇ ਵੀ ਗੱਲ ਵਿੱਚ ਵਚਨ ਦਾ ਇੱਕ ਕਣ ਵੀ ਨਹੀਂ। ਉਨ੍ਹਾਂ ਨੇ ਇੱਕ ਚੀਜ਼ ਨੂੰ ਕਿਸੇ ਹੋਰ ਚੀਜ ਨਾਲ ਬਦਲ ਦਿੱਤਾ ਹੈ, ਪਵਿੱਤਰ ਆਤਮਾ ਦੀ ਥਾਂ ਰੋਟੀ ਦਾ ਇੱਕ ਟੁਕੜਾ। ਉਨ੍ਹਾਂ ਨੇ ਡੁਬੋਣ ਦੀ ਜਗ੍ਹਾ ਛਿੜਕਾਅ ਨੂੰ ਦੇ ਦਿੱਤੀ। ਉਨ੍ਹਾਂ ਨੇ "ਪ੍ਰਭੂ ਯਿਸੂ ਮਸੀਹ" ਦੀ ਥਾਂ "ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ" ਨੂੰ ਦੇ ਦਿੱਤੀ। ਉਨ੍ਹਾਂ ਨੇ ਪਰਮੇਸ਼ੁਰ ਦੇ ਇਨ੍ਹਾਂ ਸਾਰੇ ਮਹਾਨ ਲੇਖਾਂ ਨੂੰ ਬਦਲ ਦਿੱਤਾ ਜੋ ਸਾਡੇ ਲਈ ਰੱਖੇ ਗਏ ਸਨ, ਅਤੇ ਉਹ ਵਚਨ ਦੇ ਸਿਧਾਂਤ ਤੋਂ, ਦੂਰ, ਬਹੁਤ ਦੂਰ ਹਨ।

53 ਅਤੇ ਪੰਜਾਹ ਸਾਲ ਪਹਿਲਾਂ, ਲੂਸੀਆਨਾ ਵਿੱਚ ਪੰਤੇਕੁਸਤ ਆਇਆ, ਅਤੇ ਜੇ ਇਹ ਦੋ ਸੌ ਸਾਲ ਹੋਰ ਖੜ੍ਹਾ ਰਹਿੰਦਾ ਹੈ, ਤਾਂ ਇਹ ਕੈਥੋਲਿਕ ਚਰਚ ਨਾਲੋਂ ਕਿਤੇ ਅੱਗੇ ਚਲੀ ਜਾਵੇਗੀ, ਜੇ ਇਹ ਪਿਛਲੇ ਪੰਜਾਹ ਸਾਲਾਂ ਦੀ ਤਰ੍ਹਾਂ ਹੀ ਡਿੱਗਦੀ ਰਹੀ, ਕਿਉਂਕਿ ਉਹ ਇਸ ਵਿੱਚ ਹਮੇਸ਼ਾਂ ਕੁਝ ਨਾ ਕੁਝ ਜੋੜਦੇ ਰਹਿੰਦੇ ਹਨ, ਲਗਾਤਾਰ। ਪੁਰਾਣੇ ਜ਼ਮਾਨੇ ਦੇ ਪ੍ਰਚਾਰਕ ਖਤਮ ਹੋ ਗਏ ਹਨ। ਗਲੀ ਦੀਆਂ ਸਭਾਵਾਂ, ਤੁਹਾਨੂੰ ਹੁਣ ਕਿਸੇ ਬਾਰੇ ਸੁਣਨ ਨੂੰ ਨਹੀਂ ਮਿਲਦਾ। ਸਾਡੇ ਕੋਲ ਸਿਰਫ਼ ਹਾਲੀਵੁੱਡ ਦਾ ਠਠਾ ਹੀ ਬਚਿਆ ਹੈ ਜੋ ਇਸ ਵਿੱਚ ਸ਼ਾਮਲ ਹੋ ਗਿਆ ਹੈ, ਵਾਲ-ਕੱਟੀਆਂ ਔਰਤਾਂ ਨਿੱਕਰਾਂ ਪਹਿਨਦੀਆਂ ਹਨ, ਮੂੰਹ ਰੰਗਦੀਆਂ ਅਤੇ ਹੋਰ ਸਭ ਕੁਝ ਕਰਦੀਆਂ ਹਨ, ਆਪਣੇ ਆਪ ਨੂੰ ਮਸੀਹੀ ਕਹਿੰਦਿਆਂ ਹਨ। ਕੋਈ ਛੋਟਾ ਜਿਹਾ ਰਿੱਕੀ ਗਿਟਾਰ ਲੈ ਕੇ ਸਟੇਜ ਉੱਤੇ ਏਧਰ ਅਤੇ ਉਧਰ ਦੌੜਦਾ ਹੈ, ਅਤੇ ਔਰਤਾਂ, ਜਿਨ੍ਹਾਂ ਨੇ ਇੰਨੇ ਤੰਗ ਕੱਪੜੇ ਪਹਿਨੇ ਹੁੰਦੇ ਹਨ ਜਿਵੇਂ ਇੱਕ...ਬਸ ਜਿਵੇਂ ਇੱਕ ਛਿਲਿਆ ਹੋਇਆ ਕਤੂਰਾ ਹੋਵੇ, ਲਗਭਗ, ਮੰਚ ਤੇ ਇੱਧਰ-ਉੱਧਰ ਹੁਲਾਰੇ ਮਾਰਦੀਆਂ, ਮੰਚ ਤੇ ਏਧਰ ਉਧਰ ਦੌੜਦੀਆਂ ਹਨ, ਕੰਨਾਂ ਵਿੱਚ ਝੁਮਕੇ ਲਮਕਾ ਕੇ ਨੱਚਦੀਆਂ ਹਨ, ਅਤੇ ਇਹਨਾਂ ਵਿੱਚੋਂ ਇੱਕ ਇੱਥੇ ਇੱਕ ਨਵਾਂ ਲੇਡੀ-ਆਫ਼-ਦੀ-ਲੈਂਡ ਰਿਵਾਜ ਵਰਗੇ ਵਾਲ ਕਟਾਉਂਦੀਆਂ ਹਨ, ਫਿਰ ਆਪਣੇ ਆਪ ਨੂੰ ਮਸੀਹੀ ਕਹਿੰਦਿਆਂ ਹਨ।

54 ਸਾਨੂੰ ਜਿਸ ਦੀ ਲੋੜ ਹੈ ਉਹ ਹੈ ਇੱਕ ਪੁਰਾਣੇ-ਜ਼ਮਾਨੇ ਦਾ, ਪਰਮੇਸ਼ੁਰ ਦੁਆਰਾ ਭੇਜਿਆ ਹੋਇਆ, ਭੱਖਦੇ ਹੋਏ ਧਰਮ ਦੀ ਜੋ ਕਲੀਸਿਯਾ ਵਿੱਚੋਂ ਇਸ

ਸੰਸਾਰਿਕਤਾ ਨੂੰ ਸਾੜ ਦੇਵੇ। ਸਾਨੂੰ ਪਵਿੱਤਰ ਆਤਮਾ ਅਤੇ ਅੱਗ ਵੱਲ ਵਾਪਸ ਆਉਣ ਦੀ ਲੋੜ ਹੈ, ਉਸ ਚੀਜ ਵੱਲ ਵਾਪਸ ਜਿੱਥੇ ਉਹ ਗੰਦਗੀ ਨੂੰ ਜਲਾਉਂਦੀ ਹੈ, ਪੁਰਾਣੇ-ਰਿਵਾਜ ਦੇ ਪ੍ਰਚਾਰ ਨੂੰ ਵਾਪਸ ਲਿਆਉਂਦਾ ਹੈ, ਸਵਰਗ ਨੂੰ ਉੱਚਾ ਬਣਾਉਂਦਾ ਹੈ, ਅਤੇ ਨਰਕ ਨੂੰ ਗਰਮ, ਬੰਦੂਕ ਦੀ ਨਲੀ ਵਰਗਾ। ਸਾਨੂੰ ਇਸ ਤਰ੍ਹਾਂ ਦੇ ਪ੍ਰਚਾਰ ਦੀ ਲੋੜ ਹੈ। ਪਰ ਤੁਸੀਂ ਅੱਜ ਇਸ ਤਰ੍ਹਾਂ ਉਪਦੇਸ਼ ਦਿਓ, ਤਾਂ ਤੁਹਾਡੀ ਸੰਗਤ ਤੁਹਾਨੂੰ ਬਾਹਰ ਕੱਢ ਦੇਵੇਗੀ।

55 ਕਈ ਵਾਰ ਚੰਗੇ ਪ੍ਰਚਾਰਕਾਂ ਨੂੰ ਉਨ੍ਹਾਂ ਦੀ ਕਲੀਸਿਯਾ ਦੁਆਰਾ ਕੁਰਾਹੇ ਪਾਇਆ ਜਾਂਦਾ ਹੈ। ਇਹੀ ਕਾਰਨ ਹੈ ਕਿ ਮੇਰੇ ਕੋਲ ਕੋਈ ਫ਼ਿਰਕਾ ਨਹੀਂ ਹੈ। ਮੇਰਾ ਇੱਕ ਮੁੱਖ ਦਫਤਰ ਹੈ, ਜੋ ਸਵਰਗ ਤੋਂ ਹੈ। ਜਿੱਥੇ ਵੀ ਉਹ ਭੇਜੇ, ਉਥੇ ਮੈਂ ਜਾਂਦਾ ਹਾਂ। ਜੋ ਕੁਝ ਉਹ ਕਹਿੰਦਾ ਹੈ, ਉਹ ਮੈਂ ਕਹਿੰਦਾ ਹਾਂ। ਅਸੀਂ ਕੋਈ ਫ਼ਿਰਕਾ ਨਹੀਂ ਚਾਹੁੰਦੇ। ਜੇ ਇਹ ਕਲੀਸਿਯਾ ਕਦੇ ਵੀ ਕਿਸੇ ਫ਼ਿਰਕੇ ਬਾਰੇ ਗੱਲ ਕਰਦੀ ਹੈ, ਤਾਂ ਤੁਸੀਂ ਉਸੇ ਵੇਲੇ ਆਪਣੇ ਪਾਸਟਰ ਨੂੰ ਗੁਆ ਦਿੱਤਾ ਹੈ। ਮੈਂ ਇਸਦੇ ਆਸ-ਪਾਸ ਵੀ ਨਹੀਂ ਰੁਕਾਂਗਾ, ਪੰਜ-ਮਿੰਟ ਵੀ ਨਹੀਂ। ਹਰ ਇੱਕ ਕਲੀਸੀਯਾ ਜੋ ਕਦੇ ਵੀ ਫਿਰਕਾਪ੍ਰਸ਼ਤ ਹੋਈ, ਬੀਜ ਬਣ ਗਈ, ਅਤੇ ਮੈਨੂੰ ਇੱਕ ਦੱਸੋ ਜੋ ਨਹੀਂ ਬਣੀ, ਅਤੇ ਇੱਕ ਵੀ ਦੱਸੋ ਜਿਹੜੀ ਦੁਬਾਰਾ ਉੱਠੀ ਹੋਵੇ। ਪਵਿੱਤਰ ਆਤਮਾ ਨੂੰ ਕਲੀਸਿਯਾ ਦੀ ਅਗਵਾਈ ਕਰਨ ਲਈ ਭੇਜਿਆ ਗਿਆ ਹੈ, ਨਾ ਕਿ ਮਨੁੱਖਾਂ ਦੇ ਕਿਸੇ ਸਮੂਹ ਨੂੰ। ਪਵਿੱਤਰ ਆਤਮਾ ਸਾਰੀ-ਸਮਝ ਹੈ। ਆਦਮੀ ਕਰੜੇ, ਨਾਸ਼ੁਕਰੇ ਹੋ ਜਾਂਦੇ ਹਨ।

56 ਪਰਮੇਸ਼ੁਰ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਉਨ੍ਹਾਂ ਲਈ ਇੱਕ ਮਾਰਗ ਦਰਸ਼ਕ ਭੇਜੇਗਾ, ਉਹ ਉਨ੍ਹਾਂ ਦੀ ਰਾਹ ਵਿੱਚ ਅਗਵਾਈ ਕਰੇਗਾ। ਅਤੇ ਜਿੰਨਾ ਚਿਰ ਉਹ ਅੱਗ ਦੇ ਉਸ ਥੰਮ੍ਹ ਦਾ ਪਿੱਛਾ ਕਰਦੇ ਰਹੇ, ਉਹ ਠੀਕ ਸਨ। ਉਹ ਉਨ੍ਹਾਂ ਨੂੰ ਵਾਅਦਾ ਕੀਤੀ ਹੋਈ ਧਰਤੀ ਦੇ ਦਰਵਾਜੇ ਤੱਕ ਲੈ ਗਿਆ, ਅਤੇ ਉਸ ਨੇ ਇੱਥੋਂ ਤੱਕ ਹੀ ਜਾਣਾ ਸੀ। ਫ਼ੇਰ ਯਹੋਸ਼ੁਆ, ਉਹ ਮਹਾਨ ਯੋਧਾ, ਉਸ ਦਿਨ ਨੂੰ ਯਾਦ ਕਰੋ ਜਦੋਂ ਉਸਨੇ ਉਨ੍ਹਾਂ ਨੂੰ ਕਿਹਾ ਸੀ, "ਆਪਣੇ ਆਪ ਨੂੰ ਪਵਿੱਤਰ ਕਰੋ, ਤੀਜੇ ਦਿਨ ਪਰਮੇਸ਼ੁਰ ਯਰਦਨ ਨੂੰ ਖੋਲ੍ਹਣ ਜਾ ਰਿਹਾ ਹੈ ਅਤੇ ਅਸੀਂ ਪਾਰ ਜਾ ਰਹੇ ਹਾਂ"? ਹੁਣ ਦੇਖੋ ਕਿ ਉਸਨੇ ਵਚਨ ਵਿੱਚ ਕੀ ਕਿਹਾ (ਮੈਨੂੰ ਇਹ ਪਸੰਦ ਹੈ), ਉਸਨੇ ਕਿਹਾ, "ਨੇਮ ਦੇ ਸੰਦੂਕ ਦੇ ਪਿਛਾਂਹ ਰਹੋ, ਕਿਉਂਕਿ ਤੁਸੀਂ ਇਸ ਤੋਂ ਪਹਿਲਾਂ ਉਸ ਰਾਹ ਥਾਣੀ ਕਦੀ ਨਹੀਂ ਲੰਘੇ।"

57 ਨੇਮ ਦਾ ਸੰਦੂਕ ਕੀ ਸੀ? ਵਚਨ। ਹੁਣ ਆਪਣੇ ਫਿਰਕਾਪ੍ਰਸਤ ਰਾਹਾਂ ਤੇ ਨਾ ਜਾਓ, ਵਚਨ ਦੇ ਪਿੱਛੇ ਰਹੋ, ਕਿਉਂਕਿ ਤੁਸੀਂ ਇਸ ਤੋਂ ਪਹਿਲਾਂ ਉਸ ਰਾਹ ਥਾਣੀ ਕਦੀ ਨਹੀਂ ਲੰਘੇ। ਅਤੇ, ਭਾਈ, ਜੇ ਕਦੇ ਅਜਿਹਾ ਸਮਾਂ ਸੀ ਜਦੋਂ ਮਸੀਹੀ

ਕਲੀਸਿਯਾ ਨੂੰ ਆਪਣੇ ਆਪ ਦੀ ਜਾਂਚ ਕਰਨੀ ਚਾਹੀਦੀ ਸੀ, ਉਹ ਹੁਣੇ ਹੈ। ਅਸੀਂ ਹੁਣੇ ਇਸ ਵੇਲੇ ਉੱਥੇ ਹਾਂ ਜਿੱਥੇ ਰੋਮ ਵਿੱਚ ਇਸ ਸਮੇਂ ਇਹ ਮਹਾਨ ਸਭਾ ਚੱਲ ਰਹੀ ਹੈ, ਮਤਭੇਦ ਕੀਤੇ ਜਾ ਰਹੇ ਹਨ, ਕਲੀਸਿਯਾਵਾਂ ਦੇ ਸੰਘ, ਜਦੋਂ ਇਹ ਸਾਰੇ ਫ਼ਿਰਕਿਆਂ ਨੂੰ ਜਾਨਵਰ ਦੀ ਮੂਰਤ ਬਣਾਉਣ ਲਈ ਇਕੱਠਾ ਕੀਤਾ ਜਾ ਰਿਹਾ ਹੈ, ਬਿਲਕੁਲ ਉਹੀ ਜੋ ਬਾਈਬਲ ਕੀ ਕਹਿੰਦੀ ਹੈ। ਅਤੇ ਤੁਸੀਂ ਜਾਣਦੇ ਹੋ ਕਿ ਅਸੀਂ ਅੱਜ ਸਵੇਰੇ ਸੰਦੇਸ਼ਾਂ ਵਿੱਚ ਕੀ ਕਿਹਾ ਹੈ। ਅਤੇ ਅਸੀਂ ਇੱਥੇ ਹਾਂ, ਸਭ ਕੁਝ ਬੂਹੇ ਤੇ ਹੈ, ਅਤੇ ਲੋਕ ਅਜੇ ਵੀ ਲੋਕ ਪੰਥਾਂ ਦੇ ਪਿੱਛੇ ਚੱਲ ਰਹੇ ਹਨ। ਚੰਗਾ ਹੋਵੇਗਾ ਤੁਸੀਂ ਵਚਨ ਦੇ ਪਿੱਛੇ ਰਹੋ! ਵਚਨ ਤੁਹਾਨੂੰ ਪਾਰ ਲੈ ਜਾਵੇਗਾ, ਕਿਉਂਕਿ ਵਚਨ ਮਸੀਹ ਹੈ, ਅਤੇ ਮਸੀਹ ਪਰਮੇਸ਼ੁਰ ਹੈ, ਅਤੇ ਪਰਮੇਸ਼ੁਰ ਪਵਿੱਤਰ ਆਤਮਾ ਹੈ।

58 ਵਚਨ ਦੇ ਪਿੱਛੇ ਰਹੋ! ਔਹ, ਹਾਂ, ਸ਼੍ਰੀਮਾਨ! ਉਸ ਮਾਰਗਦਰਸ਼ਕ ਦੇ ਨਾਲ ਰਹੋ। ਇਸ ਦੇ ਬਿਲਕੁਲ ਪਿੱਛੇ ਰਹੋ। ਇਸ ਦੇ ਸਾਹਮਣੇ ਨਾ ਆਓ, ਤੁਸੀਂ ਇਸ ਦੇ ਪਿੱਛੇ ਰਹੋ। ਇਸ ਨੂੰ ਤੁਹਾਡੀ ਅਗਵਾਈ ਕਰਨ ਦਿਓ, ਤੁਸੀਂ ਇਸ ਦੀ ਅਗਵਾਈ ਨਾ ਕਰੋ। ਤੁਸੀਂ ਇਸ ਨੂੰ ਜਾਣ ਦਿਓ।

59 ਯਹੋਸ਼ੁਆ ਨੇ ਕਿਹਾ, "ਹੁਣ, ਤੁਸੀਂ ਪਹਿਲਾਂ ਕਦੇ ਇਸ ਰਸਤੇ ਤੋਂ ਨਹੀਂ ਲੰਘੇ, ਤੁਸੀਂ ਰਾਹ ਬਾਰੇ ਕੁਝ ਨਹੀਂ ਜਾਣਦੇ।"

60 ਅੱਜ ਦੀ ਸਮੱਸਿਆ ਇਹੀ ਹੈ। ਤੁਹਾਨੂੰ ਚੌੜੇ ਰਾਹ ਤੇ ਮਾਰਗਦਰਸ਼ਨ ਕਰਨ ਲਈ ਕਿਸੇ ਮਾਰਗਦਰਸ਼ਕ ਦੀ ਲੋੜ ਨਹੀਂ ਹੈ। ਔਹ, ਤੁਸੀਂ ਸਾਰੀਆਂ ਤੰਗ ਗਲੀਆਂ ਅਤੇ ਹੋਰ ਸਭ ਕੁਝ ਜਾਣਦੇ ਹੋ। ਤੁਸੀਂ ਪਾਪ ਨੂੰ ਜਾਂਦੇ ਹਰ ਰਾਹ ਨੂੰ ਜਾਣਦੇ ਹੋ। ਕੋਈ ਨਹੀਂ ਹੈ...ਔਹ, ਤੁਸੀਂ ਲੰਮੇ ਸਮੇਂ ਤੋਂ ਉੱਥੇ ਰਹੇ ਹੋ। ਕਿਸੇ ਨੂੰ ਤੁਹਾਨੂੰ ਉਹ ਬਾਰੇ ਦੱਸਣ ਦੀ ਲੋੜ ਨਹੀਂ ਹੈ, ਤੁਸੀਂ ਸਾਰੇ ਸ਼ਾਰਟਕੱਟ ਜਾਣਦੇ ਹੋ। ਇਹ ਸਹੀ ਹੈ, ਹਰ ਪਾਪ, ਤੁਸੀਂ ਇਸ ਬਾਰੇ ਸਭ ਜਾਣਦੇ ਹੋ। ਕਿਸੇ ਨੂੰ ਤੁਹਾਨੂੰ ਦੱਸਣ ਦੀ ਲੋੜ ਨਹੀਂ ਹੈ ਕਿ ਚੋਰੀ ਕਿਵੇਂ ਕਰਨੀ ਹੈ; ਤੁਹਾਨੂੰ ਇਹ ਪਤਾ ਹੈ। ਕਿਸੇ ਨੂੰ ਤੁਹਾਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਗਾਲਾਂ ਕਿਵੇਂ ਕੱਢਣੀਆਂ ਹਨ; ਤੁਹਾਨੂੰ ਇਹ ਪਤਾ ਹੈ। ਕਿਸੇ ਨੂੰ ਵੀ ਤੁਹਾਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਇਹ ਬੁਰੇ ਕੰਮ ਕਿਵੇਂ ਕਰਨੇ ਹਨ, ਕਿਉਂਕਿ ਇਹ ਹਰ ਜਗ੍ਹਾ ਹਰ ਰੁੱਖ ਤੇ ਲਗਾਏ ਗਏ ਹਨ।

61 ਪਰ, ਯਾਦ ਰੱਖੋ, ਤੁਸੀਂ ਲੋਕ ਜੋ ਮਸੀਹੀ ਹੋ, ਤੁਸੀਂ ਪਾਰ ਕਰ ਗਏ ਹੋ। ਤੁਸੀਂ ਕਿਸੇ ਹੋਰ ਧਰਤੀ ਵਿੱਚ ਹੋ। ਤੁਸੀਂ ਦੁਬਾਰਾ ਜਨਮ ਲਏ ਹੋਏ ਹੋ। ਤੁਸੀਂ ਧਰਤੀ ਵਿੱਚ ਹੋ, ਇੱਕ ਸਵਰਗੀ ਧਰਤੀ। ਤੁਸੀਂ ਵਾਅਦਾ ਕੀਤੀ ਹੋਈ ਧਰਤੀ ਵਿੱਚ ਹੋ।

62 ਤੁਸੀਂ ਦੇਖ ਸਕਦੇ ਹੋ, ਤੁਸੀਂ ਇੱਥੇ ਆਪਣਾ ਰਸਤਾ ਜਾਣਦੇ ਹੋ। ਔਹ, ਮੇਰੇ, ਹਾਂ। ਤੁਹਾਨੂੰ ਪਤਾ ਹੈ ਕੀ—ਕੀ, ਤਾਸ਼ ਦੇ ਪੱਤਿਆਂ ਤੇ ਕਿਵੇਂ ਬਾਜੀ ਲਾਉਣੀ ਹੈ। ਤੁਸੀਂ ਜਾਣਦੇ ਹੋ ਕਿ ਪਾਸਾ ਕੀ ਹੈ, ਜਦੋਂ ਇਹ ਸੁੱਟਿਆ ਜਾਂਦਾ ਹੈ, ਇਸਦਾ ਕੀ ਅਰਥ ਹੈ, ਅਤੇ ਇਸ ਤਰ੍ਹਾਂ ਦੀ ਹਰ ਚੀਜ਼। ਪਰ ਜਦੋਂ ਪਵਿੱਤਰਤਾ ਅਤੇ ਧਾਰਮਿਕਤਾ ਅਤੇ ਪਰਮੇਸ਼ੁਰ ਦੀ ਸ਼ਕਤੀ ਨੂੰ ਜਾਣਨ ਦੀ ਗੱਲ ਆਉਂਦੀ ਹੈ, ਅਤੇ ਪਵਿੱਤਰ ਆਤਮਾ ਕਿਵੇਂ ਕੰਮ ਕਰਦਾ ਹੈ ਅਤੇ ਇਹ ਕੀ ਕਰਦਾ ਹੈ, ਬਿਹਤਰ ਹੋਵੇਗਾ ਕਿ ਤੁਸੀਂ ਵਚਨ, ਮਾਰਗਦਰਸ਼ਕ ਦੇ ਪਿੱਛੇ ਹੀ ਰਹੋ। ਸਮਝੇ? ਤੁਸੀਂ ਇਸ ਰਾਹ ਤੋਂ ਪਹਿਲਾਂ ਕਦੇ ਨਹੀਂ ਲੰਘੇ।

63 ਖੈਰ, ਤੁਸੀਂ ਕਹਿੰਦੇ ਹੋ, "ਮੈਂ ਇੱਕ ਬਹੁਤ ਹੀ ਹੁਸ਼ਿਆਰ ਆਦਮੀ ਸੀ, ਮੇਰੇ ਕੋਲ—ਕੋਲ ਕਾਲਜ ਵਿੱਚ ਦੋ ਡਿਗਰੀਆਂ ਸਨ।" ਚੰਗਾ ਹੋਵੇਗਾ ਤੁਸੀਂ ਇਸ ਨੂੰ ਭੁੱਲ ਜਾਓ। ਹਾਂ, ਸ਼੍ਰੀਮਾਨ।

64 "ਮੈਂ ਧਾਰਮਿਕ ਸੰਸਥਾਨ ਵਿੱਚੋਂ ਆਇਆ ਹਾਂ।" ਚੰਗਾ ਹੋਵੇਗਾ ਤੁਸੀਂ ਇਸ ਨੂੰ ਭੁੱਲ ਜਾਓ। ਹਾਂ। ਚੰਗਾ ਹੋਵੇਗਾ ਤੁਸੀਂ ਮਾਰਗਦਰਸ਼ਕ ਦੇ ਪਿੱਛੇ ਰਹੋ। ਉਸਨੂੰ ਆਪਣੀ ਅਗਵਾਈ ਕਰਨ ਦਿਓ। ਉਹ ਰਸਤਾ ਜਾਣਦਾ ਹੈ; ਤੁਸੀਂ ਨਹੀਂ ਜਾਣਦੇ। ਤੁਸੀਂ ਪਹਿਲਾਂ ਇਸ ਰਾਹ ਤੋਂ ਨਹੀਂ ਲੰਘੇ। "ਅੱਛਾ," ਤੁਸੀ, "ਉਹਨਾਂ ਨੇ।"

65 ਦੇਖੋ ਕਿ ਕੀ ਉਨ੍ਹਾਂ ਕੋਲ ਹੈ। ਯਿਸੂ ਨੇ ਕਿਹਾ, "ਜਿਹੜੇ ਇਸ ਰਸਤੇ ਤੋਂ ਲੰਘਦੇ ਹਨ, ਉਨ੍ਹਾਂ ਦੇ ਨਾਲ ਇਹ ਨਿਸ਼ਾਨ ਹੋਣਗੇ। ਮੇਰਾ ਨਾਮ ਲੈ ਕੇ, ਉਹ ਭੂਤਾਂ ਨੂੰ ਕੱਢਣਗੇ, ਨਵੀਆਂ ਨਵੀਆਂ ਬੋਲੀਆਂ ਬੋਲਣਗੇ; ਜਾਂ ਸੱਪਾਂ ਨੂੰ ਚੁੱਕ ਲੈਣਗੇ ਜਾਂ ਜਹਿਰੀਲੀ ਚੀਜ ਪੀ ਲੈਣਗੇ, ਇਸ ਨਾਲ ਨੁਕਸਾਨ ਨਹੀਂ ਹੋਵੇਗਾ। ਜੇ ਉਹ ਆਪਣੇ ਹੱਥ ਬਿਮਾਰਾਂ ਤੇ ਰੱਖਣਗੇ, ਤਾਂ ਉਹ ਚੰਗੇ ਹੋ ਜਾਣਗੇ।" ਉਨ੍ਹਾਂ ਵਿਚੋਂ ਬਹੁਤੇ ਇਸ ਨੂੰ ਰੱਦ ਦਿਨਦੇ ਹਨ, ਇਸ ਤੋਂ ਇਨਕਾਰ ਕਰ ਦਿੰਦੇ ਹਨ, ਕਹਿੰਦੇ ਹਨ ਕਿ ਇਹ ਤਾਂ ਪ੍ਰੇਰਣਾ ਦੁਆਰਾ ਵੀ ਨਹੀਂ ਹੈ। ਉਹ ਮਾਰਗਦਰਸ਼ਕ ਦੇ ਪਿੱਛੇ ਨਹੀਂ ਚੱਲ ਰਹੇ ਹਨ। ਉਹ ਮਨੁੱਖ ਦੁਆਰਾ ਬਣਾਏ ਗਏ ਪੰਥ ਦੇ ਪਿੱਛੇ ਚੱਲ ਰਹੇ ਹਨ। ਚੰਗਾ ਹੋਵੇਗਾ ਤੁਸੀਂ ਵਚਨ ਦੇ ਪਿੱਛੇ ਹੀ ਰਹੋ, ਕਿਉਂਕਿ ਤੁਸੀਂ ਇਸ ਰਾਹ ਤੋਂ ਨਹੀਂ ਲੰਘੇ, ਤੁਸੀਂ ਜਾਣਦੇ ਹੋ।

66 ਪਰ ਤੁਸੀਂ ਦੁਬਾਰਾ ਜਨਮ ਲਿਆ ਹੈ, ਅਤੇ ਤੁਸੀਂ ਪਵਿੱਤਰਤਾ ਵਿੱਚ ਜਨਮ ਲਿਆ ਹੈ। ਤੁਸੀਂ ਇਸ ਰਾਹ ਤੋਂ ਪਹਿਲਾਂ ਕਦੇ ਨਹੀਂ ਲੰਘੇ। ਤੁਸੀਂ ਪਾ-…ਜੇ ਤੁਸੀਂ ਇਸ ਰਸਤੇ ਤੋਂ ਲੰਘਦੇ ਹੋ, ਤਾਂ ਤੁਹਾਨੂੰ ਪਵਿੱਤਰਤਾ ਰਾਹੀਂ ਆਉਣਾ ਪਵੇਗਾ, ਕਿਉਂਕਿ ਇਹ ਇੱਕ ਨਵੀਂ ਧਰਤੀ ਹੈ, ਇੱਕ ਨਵਾਂ ਜੀਵਨ ਹੈ, ਨਵੇਂ ਲੋਕ ਹਨ।

67 ਤੁਸੀਂ ਗਿਰਜੇ ਆਉਂਦੇ ਹੋ ਅਤੇ ਤੁਸੀਂ ਕਿਸੇ ਨੂੰ ਉਠਦੇ ਹੋਏ ਸੁਣਦੇ ਹੋ,

ਚੀਕਦੇ ਹੋਏ, “ਪਰਮੇਸ਼ਵਰ ਦੀ ਮਹਿਮਾ ਹੋਵੇ! ਹਾਲੇਲੂਯਾਹ!”

68 ਕਿਉਂ, ਤੁਸੀਂ ਕਹੋਗੇ, “ਮੇਰੇ, ਭਲਾ ਹੋਵੇ, ਮੇਰੀ ਕਲੀਸਿਯਾ ਵਿੱਚ ਉਨ੍ਹਾਂ ਇਸ ਤਰ੍ਹਾਂ ਕਦੇ ਨਹੀਂ ਕੀਤਾ! ਮੈਂ ਉਠਾਂਗਾ ਅਤੇ ਬਾਹਰ ਚਲਾ ਜਾਵਾਂਗਾ!” ਊਂ-ਹੂੰ। ਸਮਝੇ? ਧਿਆਨ ਰੱਖੋ।

69 ਵਚਨ ਦੇ ਪਿੱਛੇ ਰਹੋ, ਹੁਣ, ਮਾਰਗਦਰਸ਼ਕ ਨੂੰ ਤੁਹਾਡੀ ਅਗਵਾਈ ਕਰਨ ਦਿਓ। “ਉਹ ਤੁਹਾਨੂੰ ਸਾਰੀ ਸੱਚਾਈ ਵਿੱਚ ਮਾਰਗਦਰਸ਼ਨ ਕਰੇਗਾ, ਅਤੇ ਉਹਨਾਂ ਚੀਜ਼ਾਂ ਨੂੰ ਪ੍ਰਗਟ ਕਰੇਗਾ ਜਿਨ੍ਹਾਂ ਬਾਰੇ ਮੈਂ ਤੁਹਾਡੇ ਨਾਲ ਗੱਲ ਕੀਤੀ ਹੈ। ਉਹ ਤੁਹਾਨੂੰ ਇਹ ਦਿਖਾਏਗਾ। ਉਹ ਤੁਹਾਨੂੰ ਉਹ ਚੀਜ਼ਾਂ ਦੱਸੇਗਾ ਜੋ ਹੋਣ ਵਾਲੀਆਂ ਹਨ,” ਸੱਚਾ ਮਾਰਗਦਰਸ਼ਕ। ਬਿਸ਼ਪ ਕੋਲ ਨਾ ਜਾਓ; ਮਾਰਗਦਰਸ਼ਕ ਕੋਲ ਜਾਓ।ਮਾਰਗਦਰਸ਼ਕ ਤੋਂ ਇਲਾਵਾ ਕਿਸੇ ਕੋਲ ਨਾ ਜਾਓ। ਉਹੀ ਇੱਕ ਹੈ ਜਿਸਨੂੰ ਤੁਹਾਡੀ ਅਗਵਾਈ ਕਰਨ ਲਈ ਭੇਜਿਆ ਗਿਆ ਸੀ। ਉਹੀ ਇੱਕ ਹੈ ਜੋ ਇਹ ਕਰੇਗਾ। ਪਰਮੇਸ਼ੁਰ ਨੇ ਤੁਹਾਨੂੰ ਇੱਕ ਮਾਰਗਦਰਸ਼ਨ ਪ੍ਰਦਾਨ ਕੀਤਾ ਹੈ। ਪਰਮੇਸ਼ੁਰ ਦੇ ਦਿੱਤੇ ਹੋਏ ਰਾਹ ਨੂੰ ਅਪਣਾਓ।

70 ਅੱਜ ਦੀ ਪਰੇਸ਼ਾਨੀ ਇਹੀ ਹੈ, ਕਿ ਜਿਹੜੇ ਲੋਕ ਕਲੀਸਿਯਾ ਵਿੱਚ ਆਉਂਦੇ ਹਨ, ਉਹ ਕੁਝ ਮਿੰਟ ਹੀ ਬੈਠਦੇ ਹਨ, ਕੁਝ ਅਜਿਹਾ ਹੁੰਦਾ ਹੈ ਜਿਸਦੀ ਉਹਨਾਂ ਨੂੰ ਆਦਤ ਨਹੀਂ ਹੁੰਦੀ।

71 ਮੈਂ ਇੱਕ ਛੋਟੀ ਜਿਹੀ ਔਰਤ ਦੀ ਪ੍ਰਸ਼ੰਸਾ ਕੀਤੀ ਜੋ ਇੱਕ ਠੰਢੇ ਅਤੇ ਰਵਾਇਤੀ ਗਿਰਜਾਘਰ ਤੋਂ ਸੀ, ਹਾਲ ਹੀ ਵਿੱਚ ਉਸ ਲਈ ਦੁਆ ਕੀਤੀ ਸੀ। ਪਰਮੇਸ਼ੁਰ ਛੋਟੀ ਔਰਤ ਨੂੰ ਠੀਕ ਕਰਨ ਵਾਲਾ ਸੀ। ਉਸ ਨੂੰ ਇਹ ਗੱਲ ਸਮਝ ਨਹੀਂ ਆਈ। ਉਸ ਨੂੰ ਇਸ ਬਾਰੇ ਕੁਝ ਨਹੀਂ ਪਤਾ ਸੀ। ਉਹ ਅੰਦਰ ਆਈ, ਉਸਨੇ ਕਿਹਾ ਕਿ ਉਹ ਨਹੀਂ ਜਾਣਦੀ ਸੀ। ਪਰ ਮੈਂ ਉਸਨੂੰ ਕਿਹਾ, “ਆਓ ਅਤੇ ਮੈਨੂੰ ਵੇਖੋ।” ਉਹ ਸ਼ਰਮਾਕਲ ਅਤੇ ਪਛੜੀ ਕਿਸਮ ਦੀ ਸੀ, ਪਰ ਮਾਰਗਦਰਸ਼ਕ ਉਸਨੂੰ ਦੱਸਦਾ ਰਿਹਾ, “ਅੱਗੇ ਵਧੋ।” ਉਹ ਇਸ ਨੂੰ ਸਮਝ ਗਈ। ਇਹ ਹੀ ਗੱਲ ਹੈ। ਦੇਖੋ, ਇਹ ਪਵਿੱਤਰ ਆਤਮਾ ਦੇ ਕਾਰਨ ਹੈ ਜੋ ਸਾਡੀ ਇਹਨਾਂ ਚੀਜ਼ਾਂ ਵੱਲ ਅਗਵਾਈ ਕਰਦਾ ਹੈ। ਦੇਖੋ, ਪਰਮੇਸ਼ਵਰ ਨੇ ਇੱਕ ਰਾਹ ਮੁਹੱਈਆ ਕੀਤਾ ਹੈ।

72 ਕੀ ਤੁਸੀਂ ਕਦੇ…ਕੀ ਤੁਸੀਂ ਕਦੇ ਜੰਗਲੀ ਹੰਸ ਉੱਪਰ ਜਾਂਦੇ ਹੋਏ ਵੇਖੇ ਹਨ, ਬਤਖਾਂ ਦੱਖਣ ਵੱਲ ਜਾਂਦੀਆਂ ਹੋਈਆਂ? ਖੈਰ, ਹੁਣ ਯਾਦ ਕਰੋ, ਉਹ ਛੋਟੀ ਜਿਹੀ ਬੁੱਢਾ ਬਤਖ ਕਿਤੇ ਇੱਕ ਛੱਪੜ ਵਿੱਚ ਪੈਦਾ ਹੋਇਆ ਸੀ। ਉਹ ਪੂਰਬ, ਉੱਤਰ, ਪੱਛਮ ਅਤੇ ਦੱਖਣ ਨੂੰ ਨਹੀਂ ਜਾਣਦਾ। ਉਹ ਕੈਨੇਡਾ ਵਿੱਚ ਪਹਾੜਾਂ ਵਿੱਚ ਉਸ ਛੱਪੜ ਤੋਂ ਇਲਾਵਾ ਹੋਰ ਕੁਝ ਨਹੀਂ ਜਾਣਦਾ। ਉਹ ਕਦੇ ਵੀ ਉਸ

ਛੱਪੜ ਤੋਂ ਬਾਹਰ ਨਹੀਂ ਗਿਆ, ਪਰ ਉਹ ਇੱਕ ਜੰਮਾਂਦਰੂ ਆਗੂ ਸੀ। ਉਹ ਛੋਟਾ ਬਤੱਖ ਆਗੂ ਬਣਨ ਲਈ ਪੈਦਾ ਹੋਇਆ ਸੀ। ਅਤੇ ਪਹਿਲੀ ਗੱਲ, ਇਕ ਰਾਤ ਵੱਡੀ ਬਰਫ਼ਬਾਰੀ ਹੋਈ ਜੋ ਪਹਾੜਾਂ ਦੀਆਂ ਚੋਟੀਆਂ ਤੇ ਫੈਲ ਗਈ। ਕੀ ਹੁੰਦਾ ਹੈ? ਉਹ ਠੰਡੀ ਹਵਾ ਉੱਥੋਂ ਲੰਘ ਕੇ ਹੇਠਾਂ ਆਉਂਦੀ ਹੈ। ਮੈਂ ਕਲਪਨਾ ਕਰ ਸਕਦਾ ਹਾਂ ਕਿ ਉਹ ਕੰਬਦਾ ਹੋਇਆ ਕਹਿ ਰਿਹਾ ਹੈ, "ਮਾਂ, ਇਹ ਕੀ ਹੈ?" ਵੇਖੋ, ਉਸਨੇ ਕਦੇ ਪਹਿਲਾਂ ਇੰਨਾ ਠੰਢਾ ਮੌਸਮ ਮਹਿਸੂਸ ਨਹੀਂ ਕੀਤਾ। ਉਹ ਧਿਆਨ ਦੇਣਾ ਸ਼ੁਰੂ ਕਰਦਾ ਹੈ, ਤਲਾਬ ਦੇ ਕਿਨਾਰਿਆਂ ਦੇ ਗਿਰਦ, ਇਹ ਜਮਣਾ ਸ਼ੁਰੂ ਹੋ ਜਾਂਦਾ ਹੈ, ਤਲਾਬ ਤੇ ਬਰਫ ਪੈ ਰਹੀ ਹੈ। ਉਸਨੂੰ ਪਤਾ ਨਹੀਂ, ਪਰ ਅਚਾਨਕ...ਉਸਦਾ ਜਨਮ ਉਹਨਾਂ ਬਤਖਾਂ ਦੇ ਝੁੰਡ ਲਈ ਮਾਰਗਦਰਸ਼ਕ ਬਣਨ ਲਈ ਹੋਇਆ ਸੀ। ਜਿਵੇਂ ਹੀ ਉਸਨੂੰ ਇਹਦੀ ਸਮਝ ਆਉਂਦੀ ਹੈ, ਉਹ ਤਲਾਬ ਦੇ ਵਿਚਕਾਰ ਕੂਦ ਜਾਏਗਾ। ਤੁਸੀਂ ਇਸਨੂੰ ਜੋ ਵੀ ਕਹਿਣਾ ਚਾਹੁੰਦੇ ਹੋ ਕਹਿ ਸਕਦੇ ਹੋ। ਅਸੀਂ ਇਸਨੂੰ ਪ੍ਰੇਰਣਾ ਕਹਿੰਦੇ ਹਾਂ, ਜਾਂ ਤੁਸੀਂ ਇਸਨੂੰ ਸਿਰਫ਼ ਪ੍ਰਾਕ੍ਰਿਤਿਕ ਅੰਤਰਪ੍ਰੇਰਣਾ ਕਹਿ ਸਕਦੇ ਹੋ, ਜੋ ਵੀ ਇਹ ਹੈ। ਉਹ ਉਸੇ ਛੱਪੜ ਦੇ ਵਿਚਕਾਰ ਚਲਾ ਜਾਵੇਗਾ, ਉਸ ਛੋਟੀ ਚੁੰਝ ਨੂੰ ਹਵਾ ਵਿੱਚ ਕੱਢੇਗਾ, ਅਤੇ ਜਾਵੇਗਾ, "ਹਾਂਕ-ਹੌਂਕ, ਹਾਂਕ-ਹੌਂਕ!" ਅਤੇ ਛੱਪੜ ਦੀ ਹਰ ਬਤਖ ਸਿੱਧੀ ਉਸ ਕੋਲ ਆਵੇਗੀ। ਕਿਉਂ? ਉਹ ਆਪਣੇ ਆਗੂ ਨੂੰ ਜਾਣਦੇ ਹਨ, ਜਿਸ ਤਰ੍ਹਾਂ ਉਹ ਅਵਾਜ ਮਾਰਦਾ ਹੈ।

73 "ਜੇ ਤੁਰ੍ਹੀ ਅਨਿਸ਼ਚਿਤ ਆਵਾਜ਼ ਦੇਵੇ, ਤਾਂ ਕੌਣ ਆਪਣੇ ਆਪ ਨੂੰ ਲੜਾਈ ਲਈ ਤਿਆਰ ਕਰ ਸਕਦਾ ਹੈ?" ਠੀਕ ਹੈ। ਜੇ ਤੁਰ੍ਹੀ ਇੱਕ ਅਨਿਸ਼ਚਿਤ ਆਵਾਜ਼ ਦਿੰਦੀ ਹੈ ਤਾਂ ਕੌਣ ਆਪਣੇ ਆਪ ਨੂੰ ਲੜਾਈ ਲਈ ਤਿਆਰ ਕਰ ਸਕਦਾ ਹੈ?

74 ਖੈਰ, ਜੇ ਉਹ ਛੋਟੀ ਬਤਖ ਇੱਕ ਅਨਿਸ਼ਚਿਤ ਅਵਾਜ ਦਿੰਦੀ ਹੈ, ਤਾਂ ਕੌਣ ਆਪਣੇ ਆਪ ਨੂੰ ਉਡਾਣ ਲਈ ਤਿਆਰ ਕਰੇਗਾ? ਉਹ ਛੋਟੀ ਜਿਹਾ ਬੁੱਢਾ ਬਤਖ ਆਪਣੇ ਛੋਟੇ ਬਿੱਲ ਨੂੰ ਉਥੇ ਹੀ ਉੱਪਰ ਕਰੇਗਾ, ਅਤੇ ਪੁਕਾਰੇਗਾ, "ਹਾਂਕ-ਹੌਂਕ, ਹਾਂਕ-ਹੌਂਕ!" ਅਤੇ ਹਰ ਛੋਟੀ ਬਤਖ ਉਸ ਕੋਲ ਆਵੇਗੀ। "ਹਾਂਕ-ਹੌਂਕ, ਹਾਂਕ-ਹੌਂਕ!" ਉਹ ਇੱਥੇ ਹਨ। ਉਨ੍ਹਾਂ ਕੋਲ ਅਜਿਹੀ ਜੁਬਲੀ ਹੋਵੇਗੀ, ਬਿਲਕੁਲ ਉਸ ਛੱਪੜ ਦੇ ਵਿਚਕਾਰ, ਬਸ ਬਾਰ ਬਾਰ ਪਲਟਦੇ ਅਤੇ ਫਿਰਦੇ ਹੋਏ। ਕੁਝ ਸਮੇਂ ਬਾਅਦ, ਉਹ ਇਹ ਮਹਿਸੂਸ ਕਰਦਾ ਹੈ ਕਿ ਕੁਝ ਉਸਨੂੰ ਚੱਲਣ ਲਈ ਮਜਬੂਰ ਕਰ ਰਿਹਾ ਹੈ, ਉਹ ਨੂੰ ਛੱਡਣਾ ਪੈਣਾ ਹੈ। ਉਹ ਆਪਣੇ ਨਿੱਕੇ-ਨਿੱਕੇ ਖੰਭਾਂ ਨੂੰ ਹੇਠਾਂ ਕਰੇਕ ਅਤੇ ਉਸ ਛੱਪੜ ਤੋਂ ਉੱਡ ਜਾਵੇਗਾ, ਹਵਾ ਵਿੱਚ ਉੱਠੇਗਾ ਅਤੇ ਚਾਰ ਜਾਂ ਪੰਜ ਵਾਰੀ ਘੁੰਮੇਗਾ, ਅਤੇ ਉਸੇ ਤਰ੍ਹਾਂ ਸਿੱਧਾ ਲੁਈਸਿਆਨਾ ਜਾਵੇਗਾ ਜਿੰਨਾ ਉਹ ਜਾ ਸਕਦਾ ਹੈ, ਹਰੇਕ ਬਤਖ ਉਸਦੇ ਪਿੱਛੇ

ਜਾਵੇਗੀ। "ਹਾਂਕ-ਹੌਂਕ, ਹਾਂਕ-ਹੌਂਕ," ਇੱਥੇ ਉਹ ਆਉਂਦਾ ਹੈ। ਕਿਉਂ? ਉਹ ਇੱਕ ਮਾਰਗਦਰਸ਼ਕ ਹੈ! ਆਮੀਨ! ਬੱਤਖਾਂ ਆਪਣੇ ਮਾਰਗਦਰਸ਼ਕ ਨੂੰ ਜਾਣਦੀਆਂ ਹਨ, ਕਲੀਸਿਯਾ ਨਹੀਂ। ਹਾਂ, ਉਹ ਜਾਣਦਾ ਹੈ ਕਿ ਕੀ ਕਰਨਾ ਹੈ।

75 ਬੁੱਢੇ ਹੰਸਾਂ ਨੂੰ ਦੇਖੋ, ਜੋ ਅਲਾਸਕਾ ਤੋਂ ਸਿੱਧੇ ਆ ਰਹੇ ਹਨ। ਹੁਣ, ਇੱਕ ਬੁੱਢਾ ਨਰ ਹੰਸ ਹਮੇਸ਼ਾ ਉਹਨਾਂ ਦੀ ਅਗਵਾਈ ਕਰਦਾ ਹੈ, ਅਤੇ ਉਹਨਾਂ ਨੂੰ ਮਾਦਾ ਹੰਸਾਂ ਨੂੰ ਉਸ ਨਰ ਹੰਸ ਦਾ ਬਹੁਤ ਖਿਆਲ ਰੱਖਣ ਪੈਂਦਾ ਹੈ। ਉਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਨਰ ਹੰਸ ਕਿਸ ਬਾਰੇ ਗੱਲ ਕਰ ਰਿਹਾ ਹੈ। ਕੀ ਤੁਸੀਂ ਲੁੱਕ ਮੈਗਜ਼ੀਨ ਵਿੱਚ ਚਾਰ ਸਾਲ ਪਹਿਲਾਂ ਇਸ ਨੂੰ ਪੜ੍ਹਿਆ ਸੀ, ਜਿੱਥੇ ਇੱਕ ਬੁੱਢੇ ਨਰ ਹੰਸ ਨੂੰ ਇੱਕ ਵਾਰ ਪਤਾ ਨਹੀਂ ਸੀ ਕਿ ਉਹ ਕੀ ਕਰ ਰਿਹਾ ਸੀ? ਅਤੇ ਉਹ ਇੱਕ ਮਾਦਾ ਹੰਸ ਦੇ ਝੁੰਡ ਨੂੰ ਇੰਗਲੈਂਡ ਲੈ ਗਿਆ। ਇਹ ਠੀਕ ਹੈ। ਉਨ੍ਹਾਂ ਨੂੰ ਪਹਿਲਾਂ ਕਦੇ ਇੰਗਲੈਂਡ ਵਿੱਚ ਨਹੀਂ ਦੇਖਿਆ ਗਿਆ ਸੀ। ਕਿਉਂ? ਉਨ੍ਹਾਂ ਦਾ ਕਦੇ ਆਪਣੇ—ਆਪਣੇ ਆਗੂ ਵੱਲ ਧਿਆਨ ਨਹੀਂ ਦਿੱਤਾ। ਉਸ ਬੁੱਢੇ ਨਰ ਹੰਸ ਨੂੰ ਨਹੀਂ ਪਤਾ ਸੀ ਕਿ ਉਹ ਕਿੱਥੇ ਜਾ ਰਿਹਾ ਹੈ। ਅਤੇ ਹੁਣ ਉਹ ਉੱਥੇ ਹਨ ਅਤੇ ਵਾਪਸ ਨਹੀਂ ਆ ਸਕਦੇ।

76 ਅੱਜ ਦੇ ਬਹੁਤ ਸਾਰੇ ਹੰਸਾਂ ਨਾਲ ਵੀ ਇਹੀ ਸਮੱਸਿਆ ਹੈ, ਉਹ ਅਜੇ ਵੀ ਝੁੰਡ ਵਿੱਚ ਚੱਲਦੇ ਹਨ। ਉਹ ਕਹਿੰਦੇ ਹਨ, ਕਿ ਲੁੱਕ ਮੈਗਜ਼ੀਨ ਨੇ ਕਿਹਾ, ਇਹ ਹੰਸਾਂ ਦੇ ਝੁੰਡ ਇੰਗਲੈਂਡ ਦੇ ਵਿੱਚ ਉੱਡਦੇ ਹਨ, ਪਰ ਉਹ ਨਹੀਂ ਜਾਣਦੇ ਕਿ ਵਾਪਸ ਕਿਵੇਂ ਆਉਣਾ ਹੈ। ਅੱਜ ਦੇ ਕੁਝ *ਹੰਸਾਂ* ਦੇ ਨਾਲ ਵੀ ਇਹੀ ਮਾਮਲਾ ਹੈ ਜਿਨ੍ਹਾਂ ਨੂੰ ਮੈਂ ਜਾਣਦਾ ਹਾਂ। ਤੁਹਾਡੇ ਕੋਲ ਇੱਕ ਝੁੰਡ ਹੈ, ਅਤੇ ਇੱਕ ਵੱਡੀ ਲੰਮੀ ਮੀਟਿੰਗ ਹੈ, ਅਤੇ ਤੁਹਾਡੇ ਕੋਲ ਆਉਣ ਲਈ ਅਤੇ ਕੁਝ ਸਮੇਂ ਲਈ ਪ੍ਰਚਾਰ ਕਰਣ ਲਈ ਕੁਝ ਬੇਦਾਰੀ ਵਾਲੇ ਹਨ, ਪਰ ਤੁਸੀਂ ਨਹੀਂ ਜਾਣਦੇ ਕਿ ਤੁਸੀਂ ਕਿੱਥੇ ਜਾ ਰਹੇ ਹੋ। ਏਧਰ ਓਧਰ ਝੁੰਡ ਬਣਾਈ ਜਾ ਰਹੇ ਹੋ, ਕਿਉਂਕਿ ਤੁਹਾਡੇ ਕੋਲ ਕੋਈ ਨਰ ਹੰਸ ਹੈ ਜੋ ਇੱਕ ਸੰਪਰਦਾਇਕ ਦੌੜ ਵਿੱਚ ਤੁਹਾਡੀ ਅਗਵਾਈ ਕਰੇ; ਨਾ ਕਿ ਪਰਮੇਸ਼ੁਰ ਦੇ ਬਚਨ ਵੱਲ, ਪਵਿੱਤਰ ਆਤਮਾ ਦੇ ਬਪਤਿਸਮੇ ਵੱਲ। ਅਤੇ ਫਿਰ ਅਸੀਂ ਹੈਰਾਨ ਹੁੰਦੇ ਹਾਂ ਕਿ ਸਾਡੇ ਦਿਨਾਂ ਵਿੱਚ ਸਾਨੂੰ ਬੇਦਾਰੀ ਕਿਉਂ ਨਹੀਂ ਮਿਲੀ। ਊਂ-ਹੂੰ। ਸਮਝੇ? ਤੁਹਾਨੂੰ ਉਹ ਖਾਸ ਆਵਾਜ਼ ਪ੍ਰਾਪਤ ਕਰਨੀ ਚਾਹੀਦੀ ਹੈ! ਉਹ ਆਵਾਜ ਇੰਜੀਲ ਦੀ ਤੁਰ੍ਹੀ ਹੈ ਜੋ ਇੰਜੀਲ ਵਿੱਚੋਂ ਨਿਕਲਦੀ ਹੈ, ਪਰਮੇਸ਼ੁਰ ਦਾ ਹਰੇਕ ਵਚਨ। ਕੋਈ ਪੰਥ ਨਹੀਂ, ਸੰਪਰਦਾ ਨਹੀਂ; ਪਰ ਬਾਈਬਲ, ਪਵਿੱਤਰ ਆਤਮਾ। "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ।" ਸਮਝੇ? ਅਤੇ ਉੱਥੇ ਉਹ ਸਫ਼ਰ ਵਿੱਚ ਚਲੇ ਜਾਂਦੇ ਹਨ।

77 ਇੱਕ ਵਾਰ ਇੱਕ ਬੁੱਢੇ ਨਰ ਹੰਸ ਨੇ, ਉਹਨਾਂ ਨੇ ਕਿਹਾ, ਇੱਕ ਝੁੰਡ ਨੂੰ ਮਰਵਾ ਦਿੱਤਾ, ਉਹਨਾਂ ਨੂੰ ਹਨੇਰੇ ਵਿੱਚ ਉਡਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਉਸ ਨੂੰ ਖੁਦ ਹੀ ਨਹੀਂ ਪਤਾ ਸੀ ਕਿ ਉਹ ਕਿੱਧਰ ਜਾ ਰਿਹਾ ਸੀ, ਅਤੇ ਉਹ ਸਾਰੇ ਉੱਥੇ ਪਹਾੜਾਂ ਨਾਲ ਟਕਰਾ ਗਏ, ਅਤੇ ਉਨ੍ਹਾਂ ਵਿੱਚੋਂ ਕੁਝ ਟੁੱਟ ਗਏ, ਫਟ ਗਏ। ਯਕੀਨਨ! ਉਨ੍ਹਾਂ ਨੂੰ ਉਨ੍ਹਾਂ ਦੀ ਖਾਸ ਆਵਾਜ਼ ਦਾ ਪਤਾ ਹੋਣਾ ਚਾਹੀਦਾ ਹੈ। ਉਹ ਛੋਟੀ ਜਿਹਾ ਬੁੱਢਾ ਬਤਖ, ਜੇਕਰ ਉਸ ਕੋਲ ਖਾਸ ਆਵਾਜ਼ ਹੈ ਅਤੇ ਹਰ ਕੋਈ ਇਸਨੂੰ ਜਾਣਦਾ ਹੈ, ਉਹਨਾਂ ਕੋਲ ਛੋਟੀ ਜਿਹੀ ਝੁੰਡ ਵਾਲੀ ਜੁਬਲੀ ਹੋਵੇਗੀ ਅਤੇ ਉਹ ਦੂਰ ਦੱਖਣ ਵੱਲ ਚਲੇ ਜਾਣਗੇ। ਉਹ ਉੱਥੇ ਕਾਹਦੇ ਲਈ ਜਾਂਦੇ ਹਨ? ਜਿੱਥੇ ਠੰਡ ਨਹੀਂ ਹੁੰਦੀ।

78 ਹੁਣ, ਜੇ ਪਰਮੇਸ਼ੁਰ ਨੇ ਇੱਕ ਬਤਖ ਨੂੰ ਇਹ ਜਾਣਨ ਲਈ ਕਾਫ਼ੀ ਸਮਝ ਦਿੱਤੀ ਹੈ ਕਿ ਠੰਡ ਤੋਂ ਕਿਵੇਂ ਬਚਣਾ ਹੈ, ਤਾਂ ਉਸਨੂੰ ਕਲੀਸਿਯਾ ਨੂੰ ਕਿਵੇਂ ਦੇਣਾ ਚਾਹੀਦਾ ਹੈ? ਜੇ ਇੱਕ ਬਤਖ ਅੰਤਰਪ੍ਰੇਰਣਾ ਦੁਆਰਾ ਅਜਿਹਾ ਕਰ ਸਕਦਾ ਹੈ, ਤਾਂ ਕਲੀਸਿਯਾ ਵਿੱਚ ਪਵਿੱਤਰ ਆਤਮਾ ਬਾਰੇ ਕੀ? ਇਸ ਨੂੰ ਸਾਨੂੰ ਪੁਰਾਣੀਆਂ ਰਸਮਾਂ ਅਤੇ ਮੱਤਾਂ ਅਤੇ ਚੀਜ਼ਾਂ ਤੋਂ, ਪਵਿੱਤਰ ਆਤਮਾ ਦੇ ਮਹਿਮਾਮਈ, ਸ਼ਾਨਦਾਰ ਬਪਤਿਸਮੇ ਵੱਲ ਲੈ ਜਾਣਾ ਚਾਹੀਦਾ ਹੈ। ਇਹ ਨੇਕੀ, ਗਿਆਨ, ਧੀਰਜ, ਭਗਤੀ ਅਤੇ ਪਵਿੱਤਰ ਆਤਮਾ ਲਿਆਉਂਦਾ ਹੈ। ਇੱਕ ਅਸਲ ਮਾਰਗਦਰਸ਼ਕ ਇਸੇ ਵੱਲ ਅਗਵਾਈ ਕਰੇਗਾ, ਕਿਉਂਕਿ ਉਹ ਇੰਜੀਲ ਤੋਂ ਇਲਾਵਾ ਕੁਝ ਨਹੀਂ ਵਾਚੇਗਾ, ਸਿਰਫ਼ ਪਰਮੇਸ਼ੁਰ ਦਾ ਵਚਨ। ਯਕੀਨਨ, ਤੁਹਾਨੂੰ ਇੱਕ ਮਾਰਗਦਰਸ਼ਕ ਦੀ ਲੋੜ ਹੈ!

79 ਜਦੋਂ, ਬੁੱਧੀਮਾਨ ਮਨੁੱਖ, ਉਹ ਪਰਮੇਸ਼ੁਰ ਬਾਰੇ ਕੁਝ ਨਹੀਂ ਜਾਣਦੇ ਸਨ। ਉਹ—ਉਹ ਜਾਦੂ ਕਰਨ ਵਾਲੇ, ਜਾਦੂਗਰ ਸਨ। ਉਹ ਪਰੇ ਪੂਰਬ ਵਿੱਚ ਸਨ। ਤੁਸੀਂ ਜਾਣਦੇ ਹੋ, ਬਾਈਬਲ ਨੇ ਕਿਹਾ, "ਅਸੀਂ ਪੂਰਬ ਵਿੱਚ ਉਸਦਾ ਤਾਰਾ ਦੇਖਿਆ ਹੈ, ਉਸਦੀ ਪੂਜਾ ਕਰਨ ਲਈ ਆਏ ਹਾਂ।" ਉਹ ਪੱਛਮ ਤੋਂ ਸਨ, ਉਨ੍ਹਾਂ ਨੇ ਪੂਰਬ ਵੱਲ ਦੇਖਿਆ ਅਤੇ ਉਸਦਾ ਤਾਰਾ ਦੇਖਿਆ...ਜਾਂ ਪੱਛਮ ਵੱਲ ਵੇਖਿਆ, ਉਹ ਪੂਰਬ ਵਿੱਚ ਸਨ। "ਅਸੀਂ ਪੂਰਬ ਵਿੱਚ ਸੀ, ਅਤੇ ਪੱਛਮ ਵਿੱਚ ਉਸਦਾ ਤਾਰਾ ਦੇਖਿਆ।" ਸਮਝੇ? "ਅਸੀਂ ਪੂਰਬ ਵਿੱਚ ਉਸਦਾ ਤਾਰਾ ਦੇਖਿਆ ਹੈ।" ਅਤੇ, ਵੇਖੋ, ਉਹ ਪੂਰਬ ਵਿੱਚ ਸਨ। "ਜਦੋਂ ਅਸੀਂ ਪੂਰਬ ਵਿੱਚ ਸੀ ਤਾਂ ਅਸੀਂ ਤਾਰਾ ਦੇਖਿਆ, ਅਤੇ ਅਸੀਂ ਉਸਦੀ ਪੂਜਾ ਕਰਨ ਲਈ ਆਏ ਹਾਂ।"

80 ਮੈਂ ਸੋਚ ਸਕਦਾ ਹਾਂ ਕਿ ਉਹ ਲੋਕ ਨਿਕਲਣ ਲਈ ਤਿਆਰ ਹੋ ਰਹੇ ਸਨ। ਮੈਂ ਸੋਚ ਸਕਦਾ ਹਾਂ ਕਿ ਉਹਨਾਂ ਵਿੱਚੋਂ ਇੱਕ ਦੀ ਪਤਨੀ ਨੇ ਉਸਨੂੰ ਕਿਹਾ,

"ਸਾਰੀ ਤਿਆਰੀ ਕਰ ਲਈ ਹੈ, ਪਰ ਤੁਹਾਡਾ ਦਿਸ਼ਾ ਯੰਤਰ ਕਿੱਥੇ ਹੈ?"

ਉਸ ਨੇ ਕਿਹਾ, "ਮੈਂ—ਮੈਂ ਇਸ ਵਾਰ ਦਿਸ਼ਾ ਯੰਤਰ ਦੀ ਵਰਤੋਂ ਨਹੀਂ ਕਰਾਂਗਾ।"

81 ਕਿਹਾ, "ਤੁਸੀਂ ਪਹਾੜਾਂ ਨੂੰ ਕਿਵੇਂ ਪਾਰ ਕਰਨ ਜਾ ਰਹੇ ਹੋ?" ਯਾਦ ਰੱਖੋ, ਉਨ੍ਹਾਂ ਨੇ ਟਾਈਗ੍ਰਿਸ ਨਦੀ ਪਾਰ ਕਰਨਾ ਸੀ ਅਤੇ ਮੈਦਾਨੀ ਇਲਾਕਿਆਂ ਵਿੱਚੋਂ ਲੰਘਣਾ ਸੀ, ਅਤੇ...ਕਿਉਂ, ਉਨ੍ਹਾਂ ਨੇਦੋ ਸਾਲ ਊਠਾਂ ਤੇ ਸਫ਼ਰ ਕਰਨਾ ਸੀ। ਉਹ ਇਹ ਕਿਵੇਂ ਕਰਨ ਜਾ ਰਹੇ ਸਨ? ਕਿਹਾ, "ਖੈਰ, ਤੁਸੀਂ ਇੱਕ ਦਿਸ਼ਾ ਯੰਤਰ ਵੀ ਨਹੀਂ ਲੈ ਜਾ ਰਹੇ ਹੋ।"

ਕਿਹਾ, "ਨਹੀਂ।"

"ਤੁਸੀਂ ਕਿਵੇਂ ਜਾ ਰਹੇ ਹੋ?"

82 "ਮੈਂ ਪਰਮੇਸ਼ੁਰ ਦੇ ਦੱਸੇ ਰਾਹ ਤੇ ਜਾ ਰਿਹਾ ਹਾਂ। ਉਹ ਤਾਰਾ ਮੈਰਾ ਉਸ ਪਾਤਸ਼ਾਹ ਵੱਲ ਮਾਰਗਦਰਸ਼ਨ ਕਰੇਗਾ।" ਇਹ ਹੀ ਗੱਲ ਹੈ।

83 "ਅਸੀਂ ਉਸ ਦਾ ਤਾਰਾ ਪੂਰਬ ਵਿੱਚ ਦੇਖਿਆ ਹੈ, ਅਤੇ ਇੱਥੇ ਪੱਛਮ ਵਿੱਚ ਪੂਰੇ ਸਫ਼ਰ ਵਿੱਚ ਉਸ ਦਾ ਪਿੱਛਾ ਕੀਤਾ ਹੈ, ਉਸ ਦੀ ਪੂਜਾ ਕਰਨ ਲਈ ਆਏ ਹਾਂ। ਉਹ ਕਿਥੇ ਹੈ?" ਉਹ ਪਰਮੇਸ਼ੁਰ ਦੇ ਦੱਸੇ ਰਾਹ ਤੇ ਚਲੇ। ਉਹ ਥੋੜੀ ਦੇਰ ਵਿੱਚ ਉੱਥੇ ਹੀ ਕੁਝ ਪੰਥਕ ਝੁੰਡਾਂ ਨਾਲ ਰੱਲ ਗਏ ਸਨ। ਉਹ ਯਰੂਸ਼ਲਮ ਵਿੱਚ ਆਏ ਅਤੇ ਗਲੀ ਵਿੱਚ ਏਧਰ ਅਤੇ ਉਧਰ ਜਾਣ ਲੱਗੇ, ਇਹ ਵਧੀਆ ਕੱਪੜੇ ਪਾਏ ਹੋਏ ਲੋਕ, ਕਹਿ ਰਹੇ ਸਨ, "ਉਹ ਕਿਥੇ ਹੈ? ਜਿਹੜਾ ਯਹੂਦੀਆਂ ਦਾ ਪਾਤਸ਼ਾਹ ਜੰਮਿਆ ਹੈ ਉਹ ਕਿੱਥੇ ਹੈ?" ਖੈਰ, ਉਹ ਮੁੱਖ ਸੀ, ਉਹ ਯਰੂਸ਼ਲਮ ਸੀ। ਯਕੀਨਨ ਵੱਡੀਆਂ ਕਲੀਸਿਯਾਂ ਨੂੰ ਇਸ ਬਾਰੇ ਕੁਝ ਪਤਾ ਹੋਣਾ ਚਾਹੀਦਾ ਸੀ। "ਉਹ ਕਿਥੇ ਹੈ? ਜਿਹੜਾ ਯਹੂਦੀਆਂ ਦਾ ਪਾਤਸ਼ਾਹ ਜੰਮਿਆ ਹੈ ਉਹ ਕਿੱਥੇ ਹੈ? ਅਸੀਂ ਉਸ ਦਾ ਤਾਰਾ ਪੂਰਬ ਵਿਚ ਦੇਖਿਆ ਹੈ, ਅਸੀਂ ਉਸ ਦੀ ਪੂਜਾ ਕਰਨ ਲਈ ਆਏ ਹਾਂ। ਉਹ ਕਿਥੇ ਹੈ?"

84 ਕਿਉਂ, ਉਹ ਪਾਦਰੀ *ਫਲਾਣਾ-ਫਲਾਣਾ* ਅਤੇ ਮਹਾਂ ਜਾਜਕ *ਫਲਾਣਾ-ਫਲਾਣਾ* ਕੋਲ ਗਏ, ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਇਸ ਬਾਰੇ ਕੁਝ ਨਹੀਂ ਪਤਾ ਸੀ। "ਕਿਉਂ, ਜਿਹੜਾ ਯਹੂਦੀਆਂ ਦਾ ਪਾਤਸ਼ਾਹ ਜੰਮਿਆ ਹੈ, ਉਹ ਕਿੱਥੇ ਹੈ?" ਉਹ ਨਹੀਂ ਜਾਣਦੇ ਸਨ।

85 ਪਰ ਉੱਥੇ ਪਹਾੜੀ ਉਤੇ ਕੁਝ ਚਰਵਾਹੇ ਵੀ ਖੜੇ ਸਨ ਜੋ ਬਸ ਆਪਣਾ ਸਮਾਂ ਗੁਜਾਰ ਰਹੇ ਸੀ, ਹਾਂ, ਸ਼੍ਰੀਮਾਨ, ਕਿਉਂਕਿ ਉਹ ਪ੍ਰੇਮਸ਼ੂਰ ਦੁਆਰਾ ਮੁਹੱਈਆ ਕੀਤੇ ਗਏ ਰਸਤੇ ਤੇ ਆਏ ਸਨ।

86 ਇਸ ਲਈ ਉਹ ਉਥੇ ਹੀ ਰਹੇ, ਅਤੇ ਉਸਨੇ ਸਿੱਧਾ ਕਿਹਾ, "ਮੈਂ ਤੁਹਾਨੂੰ ਦੱਸਾਂਗਾ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ, ਸਾਨੂੰ ਬੋਰਡ ਦੀ ਮੀਟਿੰਗ ਕਰਨੀ ਚਾਹੀਦੀ ਹੈ।" ਇਸ ਲਈ ਉਨ੍ਹਾਂ ਨੇ ਮਹਾਸਭਾ ਬੁਲਾਈ, ਅਤੇ—ਅਤੇ ਸੋਚਿਆ ਕਿ ਸ਼ਾਇਦ ਉਹਨਾਂ ਨੇ ਇਸ ਬਾਰੇ ਕੁਝ ਸੁਣਿਆ ਹੋਵੇਗਾ। "ਨਹੀਂ, ਸਾਨੂੰ ਇਸ ਬਾਰੇ ਕੁਝ ਨਹੀਂ ਪਤਾ ਸੀ।"

87 ਆਜ ਵੀ ਉਹੀ ਚੀਜ਼ ਹੈ। ਉਹ ਇਸ ਮਾਰਗਦਰਸ਼ਕ, ਇਸ ਪਵਿੱਤਰ ਆਤਮਾ ਬਾਰੇ ਕੁਝ ਨਹੀਂ ਜਾਣਦੇ ਜੋ ਦੁਬਾਰਾ ਆ ਕੇ ਚੰਗਾ ਕਰਦਾ, ਭਰਦਾ, ਬਚਾਉਂਦਾ ਹੈ। ਉਹ ਮਾਰਗਦਰਸ਼ਕ ਜਿਸ ਨੇ ਸਾਨੂੰ ਇਹ ਸਾਰੀਆਂ ਚੀਜ਼ਾਂ ਦੱਸੀਆਂ ਹਨ ਜੋ ਵਾਪਰੀਆਂ ਹਨ, ਇੱਥੇ ਅਸੀਂ ਉਹਨਾਂ ਦੇ ਵਿਚਕਾਰ ਹਾਂ। ਦਿਲ ਦੇ ਵਿਚਾਰਾਂ ਨੂੰ ਜਾਂਚਣ ਵਾਲਾ; ਉਹ ਉਸ ਬਾਰੇ ਕੁਝ ਨਹੀਂ ਜਾਣਦੇ, ਉਹ ਇਸਨੂੰ ਮਾਨਸਿਕ ਟੈਲੀਪੈਥੀ ਜਾਂ ਕੁਝ ਕਹਿੰਦੇ ਹਨ। ਉਹ ਨਹੀਂ ਜਾਣਦੇ ਕਿ ਇਸ ਬਾਰੇ ਕੀ ਕਹਿਣਾ ਹੈ।

88 ਇਸ ਲਈ, ਤੁਸੀਂ ਦੇਖਦੇ ਹੋ, ਉਹ ਬੁੱਧੀਮਾਨ ਆਦਮੀ, ਜਿੰਨਾ ਚਿਰ... ਯਾਦ ਰੱਖੋ, ਜਦੋਂ ਉਹ ਯਰੂਸ਼ਲਮ ਵਿੱਚ ਦਾਖਲ ਹੋਏ, ਤਾਰਾ ਅਲੋਪ ਹੋ ਗਿਆ। ਅਤੇ ਜਿੰਨਾ ਚਿਰ ਤੁਸੀਂ ਪਰਮੇਸ਼ੁਰ ਵੱਲ ਤੁਹਾਡੀ ਅਗਵਾਈ ਕਰਨ ਲਈ ਧਰਮਾਂ ਅਤੇ ਸੰਪਰਦਾਇਕ ਮਨੁੱਖਾਂ ਦੀ ਭਾਲ ਕਰਦੇ ਹੋ, ਪਰਮੇਸ਼ੁਰ ਦੀ ਮਦਦ ਤੁਹਾਨੂੰ ਛੱਡ ਦੇਵੇਗੀ। ਪਰ ਜਦੋਂ ਉਹ ਬਿਮਾਰ ਹੋ ਗਏ ਅਤੇ ਇਸ ਤੋਂ ਥੱਕ ਗਏ, ਅਤੇ ਉਨ੍ਹਾਂ ਨੂੰ ਛੱਡ ਦਿੱਤਾ, ਉਨ੍ਹਾਂ ਯਹੂਦੀਆਂ ਦੇ ਧਰਮ ਅਤੇ ਸੰਪਰਦਾਵਾਂ ਨੂੰ ਛੱਡ ਦਿੱਤਾ, ਅਤੇ ਯਰੂਸ਼ਲਮ ਤੋਂ ਬਾਹਰ ਚਲੇ ਗਏ, ਤਦ ਤਾਰਾ ਫਿਰ ਪ੍ਰਗਟ ਹੋਇਆ ਅਤੇ ਉਹਨਾਂ ਨੇ ਬਹੁਤ ਖੁਸ਼ੀ ਨਾਲ ਅਨੰਦ ਮਨਾਇਆ। ਉਨ੍ਹਾਂ ਨੇ ਮਾਰਗਦਰਸ਼ਕ ਨੂੰ ਦੁਬਾਰਾ ਦੇਖਿਆ! ਔਹ, ਇਹ ਕਿਵੇਂ ਹੈ, ਕਿਸੇ ਪੁਰਾਣੀ ਠੰਡੀ ਰਸਮੀ ਕਲੀਸਿਯਾ ਤੋਂ ਬਾਹਰ ਆਉਣਾ, ਫਿਰ ਇੱਕ ਅੱਗ ਨਾਲ ਭਰੀ ਕਲੀਸਿਯਾ ਵਿੱਚ ਵਾਪਸ ਜਾਣਾ, ਮਾਰਗਦਰਸ਼ਕ ਨੂੰ ਅਗਵਾਈ ਕਰਦੇ ਹੋਏ ਵੇਖਣਾ, ਇਸ ਵਿੱਚ ਕਿੰਨਾ ਫਰਕ ਹੈ! ਹਾਂ, "ਅਸੀਂ ਪੂਰਬ ਵਿੱਚ ਉਸਦਾ ਤਾਰਾ ਦੇਖਿਆ ਹੈ ਅਤੇ ਉਸਦੀ ਪੂਜਾ ਕਰਨ ਲਈ ਆਏ ਹਾਂ।"

89 ਯਹੋਸ਼ੁਆ ਨੇ ਉਨ੍ਹਾਂ ਨੂੰ ਆਖਿਆ, "ਹੁਣ ਤੁਸੀਂ ਨੇਮ ਦੇ ਸੰਦੂਕ ਦੇ ਪਿੱਛੇ ਚਲੋ, ਕਿਉਂਕਿ ਤੁਸੀਂ ਪਹਿਲਾਂ ਰਾਹ ਤੋਂ ਕਦੇ ਨਹੀਂ ਲੰਘੇ।" ਪਰਮੇਸ਼ੁਰ ਉਸ ਸੰਦੂਕ ਨੂੰ ਸਹੀ ਜਗ੍ਹਾ ਤੋਂ ਬਿਨਾਂ ਕਿਤੇ ਵੀ ਜਾਣ ਦੀ ਇਜਾਜ਼ਤ ਨਹੀਂ ਦੇਵੇਗਾ। ਹਰ ਕੋਈ ਇਸਦੇ ਪਿੱਛੇ ਚਲਿਆ, ਅਤੇ ਇਹ ਠੀਕ ਯਰਦਨ ਦੇ ਪਾਰ ਚਲਾ ਗਿਆ।

90 ਅੱਜ ਵੀ ਇਹੀ ਹੈ, ਪਵਿੱਤਰ ਆਤਮਾ ਦੁਆਰਾ। ਹਾਂ, ਸ਼੍ਰੀਮਾਨ। ਕੇਵਲ

ਇੱਕ ਚੀਜ਼ ਜੋ ਅਸੀਂ ਜਾਣਦੇ ਹਾਂ, ਕਿ ਇਹ ਪਵਿੱਤਰ ਆਤਮਾ ਹੈ ਜਾਂ ਨਹੀਂ, ਅਸੀਂ ਦੇਖਦੇ ਹਾਂ-...ਇਸ ਦੇ ਪ੍ਰਗਟ ਹੋਣ ਨੂੰ, ਪਰਮੇਸ਼ੁਰ ਦੇ ਬਚਨ ਨੂੰ ਸਾਬਤ ਕਰਨ ਵਾਲੇ ਪ੍ਰਗਟਾਵੇ।

91 ਹੁਣ, ਜਿਆਦਾ ਚਿਰ ਨਹੀਂ ਹੋਇਆ, ਭਾਈਆਂ ਦੇ ਇੱਕ ਝੁੰਡ ਕੋਲ ਲਹੂ ਅਤੇ ਤੇਲ ਸੀ, ਅਤੇ ਇਹ ਸਭ ਠੀਕ ਹੈ ਜੇਕਰ ਉਹ ਇਸ ਤਰ੍ਹਾਂ ਕਰਨਾ ਚਾਹੁੰਦੇ ਹਨ। ਮੈਂ...ਇਹ ਮੇਰੇ ਲਈ ਕੋਈ ਸਬੂਤ ਨਹੀਂ ਹੈ। ਇਹ ਵਚਨ ਦਾ ਪ੍ਰਮਾਣ ਹੈ, ਵੇਖੋ, ਜਿੰਨਾ ਚਿਰ ਇਹ ਪਰਮੇਸ਼ੁਰ ਦੀ ਕਹੀ ਗੱਲ ਨੂੰ ਸਾਬਤ ਕਰ ਰਿਹਾ ਹੈ, ਇਹ ਸਭ ਠੀਕ ਹੈ। ਓਹਨਾਂ ਨੇ ਕਿਹਾ, "ਇਹੀ ਕਾਰਨ ਹੈ ਕਿ ਤੁਹਾਡੇ ਕੋਲ ਪਵਿੱਤਰ ਆਤਮਾ ਹੈ, ਤੁਹਾਡੇ ਹੱਥ ਵਿੱਚ ਤੇਲ ਹੈ।" ਹੁਣ, ਮੈਂ—ਮੈਂ ਇਸ ਲਈ ਨਹੀਂ ਜਾ ਸਕਦਾ। ਸਮਝੇ? ਨਹੀਂ, ਮੈਂ ਨਹੀਂ ਮੰਨਦਾ ਕਿ ਤੇਲ ਦਾ ਇਸ ਨਾਲ ਕੋਈ ਲੈਣਾ-ਦੇਣਾ ਹੈ। ਅਤੇ ਜੇ ਇਹ ਉਹ ਲਹੂ ਹੈ ਜੋ ਚੰਗਾ ਕਰੇਗਾ ਅਤੇ ਮੁਕਤੀ ਦੇਵੇਗਾ, ਤਾਂ ਯਿਸੂ ਮਸੀਹ ਦੇ ਲਹੂ ਦਾ ਕੀ ਹੋਇਆ? ਜੇ ਉਹ ਤੇਲ ਚੰਗਾ ਕਰਦਾ ਹੈ, ਤਾਂ ਉਸ ਦੇ ਕੋੜੇ ਖਾਣ ਬਾਰੇ ਕੀ? ਸਮਝੇ? ਸਮਝੇ?

92 ਮੈਨੂੰ ਚੰਗਾ ਲੱਗਦਾ ਹੈ ਕਿ ਮਾਰਗਦਰਸ਼ਕ ਆਵੇ, ਜੋ ਤੁਹਾਨੂੰ ਵਚਨ ਦੀ ਸੱਚਾਈ ਵੱਲ ਲੈ ਕੇ ਜਾਂਦਾ ਹੈ, ਤੁਸੀਂ ਜਾਣਦੇ ਹੋ ਕਿ ਤੁਸੀਂ ਬਿਲਕੁਲ ਸਹੀ ਹੋ, ਅਤੇ ਹੁਣ ਉਲਟੀ ਗਿਣਤੀ ਦੇ ਲਈ ਤਿਆਰ ਹੋ। ਇਹ ਸਹੀ ਹੈ, ਉੱਡਣ ਜਾਣ ਲਈ ਤਿਆਰ ਹੋ ਰਹੇ ਹੋ। ਹਾਂ, ਸ਼੍ਰੀਮਾਨ। ਹਾਂ, ਕਿਉਂ? ਮਾਰਗਦਰਸ਼ਕ ਉਹ ਹੈ ਜੋ ਇਸਨੂੰ ਅਸਲ ਬਣਾਉਂਦਾ ਹੈ।

93 ਮੇਰੇ ਕੋਲ ਇੱਥੇ ਇੱਕ ਲਿਖਤ ਹੈ, ਮੈਂ ਇਹ ਲਿਖਤਾਂ ਦਿੱਤੀਆਂ ਸਨ, ਪਰ ਮੈਂ ਇਸਨੂੰ ਪੜ੍ਹਨਾ ਚਾਹੁੰਦਾ ਹਾਂ। ਇਹ ਦੂਜੇ ਪਤਰਸ ਡੇ, ਪਹਿਲਾ ਅਧਿਆਏ ਦੀ, 21ਵੀਂ ਆਇਤ ਹੈ।

> *ਕਿਉਂਕਿ...ਪੁਰਾਣੇ ਸਮਿਆਂ ਵਿੱਚ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਨਹੀਂ ਆਇਆ: ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਾਸਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ।*

94 ਭਵਿੱਖਬਾਣੀ ਕਿਵੇਂ ਆਈ? ਮਨੁੱਖ ਦੀ ਮਰਜ਼ੀ ਨਾਲ ਨਹੀਂ, ਸੰਪਰਦਾਇਕ ਪੰਥਾਂ ਨਾਲ ਨਹੀਂ; ਪਰ ਪਰਮੇਸ਼ੁਰ ਦੀ ਮਰਜ਼ੀ ਨਾਲ, ਜਦੋਂ ਪਵਿੱਤਰ ਮਨੁੱਖ ਪਵਿੱਤਰ ਆਤਮਾ ਦੁਆਰਾ ਉਕਸਾਏ ਜਾਂਦੇ ਸਨ। ਉਹ ਹਮੇਸ਼ਾ ਪਰਮੇਸ਼ੁਰ ਦਾ ਮਾਰਗ ਦਰਸ਼ਕ ਰਿਹਾ ਹੈ। ਉਹ ਪਵਿੱਤਰ ਆਤਮਾ ਸੀ ਜੋ ਉਸ ਅੱਗ ਦੇ ਥੰਮ੍ਹ ਵਿੱਚ ਸੀ, ਉਹ ਪਵਿੱਤਰ ਆਤਮਾ ਸੀ, ਕੋਈ ਵੀ ਵਿਅਕਤੀ ਜਾਣਦਾ ਹੈ ਕਿ ਉਹ ਮਸੀਹ ਸੀ। ਮੂਸਾ ਨੇ ਮਿਸਰ ਨੂੰ ਤਿਆਗ ਦਿੱਤਾ, ਮਸੀਹ ਦੇ ਲਈ ਬਦਨਾਮੀ ਨੂੰ ਮਿਸਰ ਦੀ ਦੌਲਤ ਨਾਲੋਂ ਵੱਡਾ ਸਮਝਿਆ। ਉਹ ਮਸੀਹ ਹੀ ਸੀ।

ਖੈਰ, ਜਦੋਂ ਉਹ ਉਥੇ ਖੜ੍ਹੇ ਹੁੰਦੇ ਹਨ ਅਤੇ ਕਹਿੰਦੇ ਹਨ, "ਅੱਛਾ, ਤੂੰ ਆਖਦਾ ਹੈ ਕਿ ਤੂੰ...ਕਿਉਂ, ਤੇਰੀ ਉਮਰ ਤਾਂ ਪੰਜਾਹ ਸਾਲ ਵੀ ਨਹੀਂ ਹੈ, ਅਤੇ ਕਹਿੰਦਾ ਹੈ ਕਿ ਤੂੰ ਅਬਰਾਹਾਮ ਨੂੰ ਦੇਖਿਆ ਹੈ?"

95 ਉਹਨੇ ਆਖਿਆ, "ਅਬਰਾਹਾਮ ਤੋਂ ਪਹਿਲਾਂ, **ਮੈਂ ਹਾਂ**।" **ਮੈਂ ਹਾਂ** ਉਹ ਜੋ ਮੂਸਾ ਨੂੰ ਬਲਦੀ ਝਾੜੀ ਵਿੱਚ ਅੱਗ ਦੇ ਥੰਮ੍ਹ ਵਿੱਚ ਮਿਲਿਆ ਸੀ। ਹਾਂ, ਸ਼੍ਰੀਮਾਨ। ਉਹ ਦੇਹਧਾਰੀ ਪਰਮੇਸ਼ੁਰ ਸੀ। ਤੀਜਾ ਵਿਅਕਤੀ ਨਹੀਂ; ਤਿੰਨ ਵੱਖਰੇ ਦਫ਼ਤਰਾਂ ਵਿੱਚ ਇੱਕੋ ਵਿਅਕਤੀ। ਤਿੰਨ ਪਰਮੇਸ਼ੁਰ ਨਹੀਂ; ਇੱਕ ਪਰਮੇਸ਼ੁਰ ਦੇ ਤਿੰਨ ਦਫ਼ਤਰ। ਠੀਕ।

96 ਠੀਕ ਹੈ, ਹੁਣ, ਵਚਨ। ਹਮੇਸ਼ਾ, ਜਦੋਂ ਪਰਮੇਸ਼ੁਰ ਮੁਹੱਈਆ ਕਰਦਾ ਹੈ, ਉਹ ਸਭ ਤੋਂ ਵਧੀਆ ਮੁਹੱਈਆ ਕਰਦਾ ਹੈ। ਜਦੋਂ ਪਰਮੇਸ਼ੁਰ ਨੇ ਆਪਣੀ ਕਲੀਸਿਯਾ ਨੂੰ ਮਜ਼ਬੂਤ ਕਰਨ ਦਾ ਤਰੀਕਾ ਦੱਸਿਆ, ਤਾਂ ਉਸਨੇ ਸਭ ਤੋਂ ਵਧੀਆ ਤਰੀਕਾ ਦੱਸਿਆ। ਜਦੋਂ ਉਸ ਨੇ ਆਦਮ ਅਤੇ ਹੱਵਾਹ ਨੂੰ ਅਦਨ ਦੇ ਬਾਗ਼ ਵਿੱਚ ਦਿੱਤਾ, ਤਾਂ ਜੋ ਉਸ ਨੇ ਉਨ੍ਹਾਂ ਨੂੰ ਦਿੱਤਾ ਉਹ ਉਸਦਾ ਵਚਨ ਸੀ। "ਤੁਸੀਂ ਇਸ ਵਚਨ ਦੇ ਪਿੱਛੇ ਰਹਿੰਦੇ ਹੋ, ਤਾਂ ਤੁਸੀਂ ਸੁਰੱਖਿਅਤ ਹੋ। ਪਰ ਜੇ ਤੁਸੀਂ ਇਸ ਵਿੱਚੋਂ ਬਾਹਰ ਨਿਕਲਦੇ ਹੋ, ਜਿਸ ਦਿਨ ਤੁਸੀਂ ਇਸ ਨੂੰ ਖਾਓਗੇ, ਉਸੇ ਦਿਨ ਤੁਸੀਂ ਮਰ ਜਾਓਗੇ।" ਪਰਮੇਸ਼ੁਰ ਨੇ ਆਪਣੀ ਰਣਨੀਤੀ ਕਦੇ ਨਹੀਂ ਬਦਲੀ। ਅਤੇ ਸ਼ੈਤਾਨ ਨੇ ਕਦੇ ਵੀ ਆਪਣੀ ਰਣਨੀਤੀ ਨਹੀਂ ਬਦਲੀ; ਜਿਵੇਂ ਉਹ ਆਦਮ ਅਤੇ ਹੱਵਾਹ ਵਿੱਚ ਆਇਆ, ਉਸੇ ਤਰ੍ਹਾਂ ਉਹ ਅੱਜ ਉਨ੍ਹਾਂ ਵਿੱਚ ਆ ਜਾਂਦਾ ਹੈ। ਕਿਉਂ? ਇਸ ਤੇ ਤਰਕ ਕਰਨ ਦੀ ਕੋਸ਼ਿਸ਼ ਕਰਕੇ। "ਹੁਣ, ਇਹ ਉਚਿਤ ਹੈ ਕਿ ਪਰਮੇਸ਼ਵਰ ਨਹੀਂ ਕਰੇਗਾ। ਔਹ, ਪਰਮੇਸ਼ੁਰ ਨੇ ਕਿਹਾ ਹੈ," ਸ਼ੈਤਾਨ ਨੇ ਕਿਹਾ, "ਪਰ ਯਕੀਨਨ ਇੱਕ ਪਵਿੱਤਰ ਪਰਮੇਸ਼ੁਰ ਅਜਿਹਾ ਨਹੀਂ ਕਰੇਗਾ।" ਯਕੀਨਨ ਉਹ ਕਰੇਗਾ, ਕਿਉਂਕਿ ਉਸਨੇ ਕਿਹਾ ਕਿ ਉਹ ਕਰੇਗਾ!

97 ਅਤੇ ਇਹੀ ਹੈ ਜੋ ਅੱਜ ਲੋਕ ਕਹਿੰਦੇ ਹਨ, "ਔਹ, ਹੁਣ ਰੁਕੋ! ਤੁਸੀਂ ਹੁਣ ਵਿਸ਼ਵਾਸ ਨਹੀਂ ਕਰਦੇ, ਜੇ ਮੈਂ ਚਰਚ ਜਾਂਦਾ ਹਾਂ ਅਤੇ ਮੈਂ ਆਪਣਾ ਦਸਵੰਧ ਅਦਾ ਕਰਦਾ ਹਾਂ, ਅਤੇ ਮੈਂ *ਇਹ*, *ਉਹ* ਕਰਦਾ ਹਾਂ, ਪਰਮੇਸ਼ੁਰ ਮੈਨੂੰ ਉੱਥੇ ਸੁੱਟ ਦੇਵੇਗਾ?" ਜਿੰਨਾ ਚਿਰ ਕੋਈ ਮਨੁੱਖ ਨਵੇਂ ਸਿਰਿਓਂ ਜਨਮ ਨਹੀਂ ਲੈਂਦਾ, ਉਹ ਪਰਮੇਸ਼ੁਰ ਦੇ ਰਾਜ ਨੂੰ ਸਮਝ ਵੀ ਨਹੀਂ ਸਕੇਗਾ! ਸਮਝੇ? ਕੋਈ ਬਹਾਨਾ ਨਹੀਂ! "ਖੈਰ, ਗਰੀਬ ਬਜ਼ੁਰਗ ਆਦਮੀ, ਗਰੀਬ ਬਜ਼ੁਰਗ ਔਰਤ, ਉੱਥੇ ਇੱਕ ਚੰਗੀ ਬਜ਼ੁਰਗ ਆਤਮਾ।" ਕੇਵਲ ਇੱਕ ਹੀ ਤਰੀਕਾ ਹੈ ਜਿਸ ਨਾਲ ਉਹ ਪਰਮੇਸ਼ੁਰ ਨੂੰ ਕਦੇ ਦੇਖ ਸਕਦੇ ਹਨ, ਨਵੇਂ ਸਿਰਿਓਂ ਜਨਮ ਲੈ ਕੇ। ਇਹੀ ਸਭ ਹੈ। ਮੈਨੂੰ ਇਸ ਗੱਲ ਦੀ ਪਰਵਾਹ ਨਹੀਂ ਹੈ ਕਿ ਉਹ ਕਿੰਨੇ ਛੋਟੇ, ਕਿੰਨੇ ਬਜ਼ੁਰਗ, ਕਿੰਨੇ

ਜਵਾਨ ਹਨ, ਉਨ੍ਹਾਂ ਨੇ ਕੀ ਕੀਤਾ ਹੈ, ਉਹ ਕਿੰਨਾ ਚਿਰ ਚਰਚ ਗਏ ਹਨ, ਉਹ ਕਿੰਨੇ ਸੰਪਰਦਾਵਾਂ ਨੂੰ ਜਾਣਦੇ ਹਨ, ਉਹ ਪੰਥ ਦਾ ਕਿੰਨਾ ਪਾਠ ਕਰ ਸਕਦੇ ਹਨ। ਤੁਹਾਨੂੰ ਨਵੇਂ ਸਿਰਿਓਂ ਜਨਮ ਲੈਣਾ ਪਏਗਾ ਜਾਂ ਤੁਸੀਂ ਸ਼ੁਰੂ ਤੋਂ ਹੀ, ਬੁਨਿਆਦ ਤੇ ਵੀ ਨਹੀਂ ਹੋ। ਇਹ ਬਿਲਕੁਲ ਸਹੀ ਹੈ।

98 ਇਸ ਲਈ, ਤੁਸੀਂ ਦੇਖੋ, ਤੁਹਾਨੂੰ ਮਾਰਗਦਰਸ਼ਕ ਦੀ ਲੋੜ ਹੈ। ਉਹ ਤੁਹਾਡੀ ਸੱਚਾਈ ਵੱਲ ਅਗਵਾਈ ਕਰੇਗਾ, ਅਤੇ ਸੱਚਾਈ ਵਚਨ ਹੈ। ਉਹ ਤੁਹਾਡੀ ਅਗਵਾਈ ਕਰੇਗਾ। ਅਤੇ ਇਹ ਹਮੇਸ਼ਾ ਕਰਦਾ ਰਿਹਾ ਹੈ। ਪ੍ਰੇਮਸ਼ੂਰ ਨੂੰ ਕਦੇ ਵੀ ਕੁਝ ਵੀ ਬਦਲਣ ਦੀ ਲੋੜ ਨਹੀਂ ਹੈ, ਕਿਉਂਕਿ ਉਹ ਬੇਅੰਤ ਹੈ ਅਤੇ ਉਹ ਜਾਣਦਾ ਹੈ ਕਿ ਸਭ ਤੋਂ ਵਧੀਆ ਕੀ ਹੈ। ਉਹ ਸਭ ਜਗ੍ਹਾ ਹਾਜਰ ਹੈ, ਉਹ ਸਭ ਕੁਝ ਜਾਣਦਾ ਹੈ, ਉਹ—ਉਹ ਸਭ ਕੁਝ ਹੈ। ਇਹ ਸਹੀ ਹੈ, ਪਰਮੇਸ਼ੁਰ ਹੈ, ਇਸ ਲਈ ਉਸਨੂੰ ਬਦਲਣ ਦੀ ਲੋੜ ਨਹੀਂ ਹੈ। ਠੀਕ ਹੈ।

99 ਉਹ ਉਸ ਰਾਹ ਨੂੰ ਦੱਸਣ ਵਾਲਾਂ ਹੈ ਜਿਸ ਤੇ ਉਹ ਤੁਹਾਡੀ ਅਗਵਾਈ ਕਰ ਰਿਹਾ ਹੈ। ਪਵਿੱਤਰ ਆਤਮਾ, ਮਾਰਗਦਰਸ਼ਕ, ਉਸੇ ਵਚਨ ਦੀ ਪੁਸ਼ਟੀ ਕਰਨ ਵਾਲਾ ਹੈ ਜੋ ਉਹ ਸਿਖਾ ਰਿਹਾ ਹੈ। ਹੁਣ, ਲੂਕਾ ਦੀ ਅਗਵਾਈ ਮਾਰਗਦਰਸ਼ਕ ਦੁਆਰਾ ਕੀਤੀ ਗਈ ਸੀ, ਇਹ ਕਹਿਣ ਲਈ, “ਤੁਸੀਂ ਸਾਰੇ ਸੰਸਾਰ ਵਿੱਚ ਜਾਓ, ਹਰ ਪ੍ਰਾਣੀ ਨੂੰ ਖੁਸ਼ਖਬਰੀ ਦਾ ਪ੍ਰਚਾਰ ਕਰੋ। ਉਹ ਜਿਹੜਾ ਵਿਸ਼ਵਾਸ ਕਰੇਗਾ ਅਤੇ ਬਪਤਿਸਮਾ ਲੈਂਦਾ ਹੈ ਬਚਾਇਆ ਜਾਵੇਗਾ, ਜੋ ਵਿਸ਼ਵਾਸ ਨਹੀਂ ਕਰਦਾ ਉਹ ਦੋਸ਼ੀ ਠਹਿਰੇਗਾ। ਅਤੇ ਵਿਸ਼ਵਾਸ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ; ਮੇਰੇ ਨਾਮ ਲੈ ਕੇ ਉਹ ਭੂਤਾਂ ਨੂੰ ਕੱਢਣਗੇ, ਨਵੀਆਂ ਬੋਲੀਆਂ ਬੋਲਣਗੇ, ਸੱਪਾਂ ਨੂੰ ਚੁੱਕ ਲੈਣਗੇ, ਜਹਿਰ ਵਾਲੀ ਚੀਜ ਪੀ ਲੈਣਗੇ, ਬਿਮਾਰਾਂ ਤੇ ਹੱਥ ਰੱਖਣਗੇ ਅਤੇ ਉਹ ਚੰਗੇ ਹੋ ਜਾਣਗੇ।” ਅਤੇ ਬਾਈਬਲ ਨੇ ਕਿਹਾ ਕਿ, “ਉਹ ਹਰ ਪਾਸੇ ਨਿਕਲੇ,” ਮਾਰਗਦਰਸ਼ਕ ਦੀ ਅਗਵਾਈ ਨਾਲ, ਤੁਸੀਂ ਜਾਣਦੇ ਹੋ, “ਵਚਨ ਦਾ ਪ੍ਰਚਾਰ ਕੀਤਾ, ਉਸ ਦੇ ਬਾਅਦ ਨਿਸ਼ਾਨ ਵੀ ਦਿਖਾਏ।” ਇਹ ਕੀ ਸੀ? ਮਾਰਗਦਰਸ਼ਕ ਸਾਬਤ ਕਰ ਰਿਹਾ ਸੀ ਕਿ ਇਹ ਸੱਚਾਈ ਸੀ!

100 ਇਹ ਪਰਮੇਸ਼ੁਰ ਦੀ ਨੀਤੀ ਸੀ। ਇਸ ਨੂੰ ਇਸੇ ਤਰੀਕੇ ਨਾਲ ਤਿਆਰ ਕੀਤਾ ਗਿਆ ਸੀ। ਇਹ ਉਸਦਾ ਪ੍ਰੋਗਰਾਮ ਹੈ; ਉਹ ਇਸ ਤੋਂ ਬਦਲ ਨਹੀਂ ਸਕਦਾ, ਕਿਉਂਕਿ ਉਹ ਬੇਅੰਤ ਹੈ। ਆਮੀਨ। ਉਹ ਇਸ ਤੋਂ ਬਦਲ ਨਹੀਂ ਸਕਦਾ; ਉਹ ਪਰਮੇਸ਼ੁਰ ਹੈ। ਮੈਂ ਬਦਲ ਸਕਦਾ ਹਾਂ; ਮੈਂ ਇੱਕ ਆਦਮੀ ਹਾਂ। ਤੁਸੀਂ ਬਦਲ ਸਕਦੇ ਹੋ; ਤੁਸੀਂ ਇੱਕ ਆਦਮੀ ਜਾਂ ਔਰਤ ਹੋ। ਪਰ ਪਰਮੇਸ਼ੁਰ ਬਦਲ ਨਹੀਂ ਸਕਦਾ। ਮੈਂ ਸੀਮਤ ਹਾਂ; ਮੈਂ ਗਲਤੀਆਂ ਕਰ ਸਕਦਾ ਹਾਂ ਅਤੇ ਚੀਜ਼ਾਂ ਨੂੰ ਗਲਤ ਕਹਿ ਸਕਦਾ ਹਾਂ, ਅਸੀਂ ਸਾਰੇ ਕਰ ਸਕਦੇ ਹਾਂ। ਅਤੇ ਪਰਮੇਸ਼ੁਰ ਹੋ ਕੇ ਉਹ

ਅਜਿਹਾ ਨਹੀਂ ਕਰ ਸਕਦਾ। ਉਸਦਾ ਪਹਿਲਾ ਫੈਸਲਾ ਸੰਪੂਰਨ ਹੈ। ਜਿਸ ਤਰ੍ਹਾਂ ਪਰਮੇਸ਼ੁਰ ਦ੍ਰਿਸ਼ ਤੇ ਕੰਮ ਕਰਦਾ ਹੈ, ਉਸੇ ਤਰ੍ਹਾਂ ਉਸ ਨੂੰ ਹਰ ਵਾਰ ਕੰਮ ਕਰਨਾ ਪੈਂਦਾ ਹੈ। ਜੇ ਉਹ ਕਿਸੇ ਪਾਪੀ ਨੂੰ ਬਚਾਉਣ ਲਈ ਦ੍ਰਿਸ਼ ਤੇ ਬੁਲਾਇਆ ਜਾਂਦਾ ਹੈ, ਤਾਂ ਉਹ ਇਕ ਚੀਜ਼ ਦੇ ਆਧਾਰ ਤੇ ਉਸ ਨੂੰ ਬਚਾਉਂਦਾ ਹੈ। ਅਗਲੀ ਵਾਰ ਜਦੋਂ ਕੋਈ ਪਾਪੀ ਆਏਗਾ, ਉਹਨੂੰ ਓਸੇ ਤਰੀਕੇ ਨਾਲ ਕੰਮ ਕਰਨਾ ਪਵੇਗਾ, ਨਹੀਂ ਤਾਂ ਜਦੋਂ ਉਸ ਨੇ ਪਹਿਲੀ ਵਾਰ ਅਜਿਹਾ ਕੀਤਾ ਸੀ ਤਾਂ ਉਹ ਗਲਤ ਸੀ। ਆਮੀਨ। ਮੈ ਉਹਨੂੰ ਪਿਆਰ ਕਰਦਾ ਹਾਂ। ਮੈਂ ਜਾਣਦਾ ਹਾਂ ਕਿ ਇਹ ਸੱਚ ਹੈ।

101 ਮੈਂ ਤਰਵੰਜਾ ਸਾਲਾਂ ਦਾ ਹਾਂ, ਇੱਥੇ ਸਾਢੇ ਤੇਤੀ ਸਾਲਾਂ ਤੋਂ ਇੰਜੀਲ ਦਾ ਪ੍ਰਚਾਰ ਕਰ ਰਿਹਾ ਹਾਂ, ਮੈਂ ਇਸਨੂੰ ਕਦੇ ਵੀ ਅਸਫਲ ਹੁੰਦਾ ਨਹੀਂ ਦੇਖਿਆ। ਮੈਂ ਇਸਨੂੰ ਦੁਨੀਆਂ ਭਰ ਵਿੱਚ ਸੱਤ ਵਾਰ ਪਰਖੇ ਜਾਂਦੇ ਦੇਖਿਆ ਹੈ, ਹਰ ਕਿਸਮ ਦੇ ਧਰਮਾਂ ਵਿੱਚ ਅਤੇ ਹਰ ਚੀਜ਼ ਵਿੱਚ, ਇੱਕ ਵਾਰ ਵਿੱਚ ਪੰਜ ਲੱਖ ਲੋਕਾਂ ਦੇ ਸਾਹਮਣੇ, ਅਤੇ ਇਹ ਕਦੇ ਅਸਫਲ ਨਹੀਂ ਹੋਇਆ ਹੈ। ਮੈਂ ਕਿਸੇ ਕਿਤਾਬ ਤੋਂ ਨਹੀਂ ਬੋਲਦਾ, ਮੈਂ ਨਿੱਜੀ ਅਨੁਭਵ ਤੋਂ ਬੋਲਦਾ ਹਾਂ, ਕਿ ਮੈਂ ਜਾਣਦਾ ਹਾਂ ਕਿ ਪਰਮੇਸ਼ੁਰ ਆਪਣੇ ਵਚਨ ਦੇ ਪਿੱਛੇ ਖੜ੍ਹਾ ਹੈ ਅਤੇ ਇਸਦਾ ਸਨਮਾਨ ਕਰਦਾ ਹੈ। ਹੁਣ, ਜੇ ਤੁਹਾਡੇ ਕੋਲ ਕਿਸੇ ਕਿਸਮ ਦਾ ਕੋਈ ਧਰਮ ਹੈ, ਤਾਂ ਚੰਗਾ ਹੋਵੇਗਾ ਤੁਸੀਂ ਇਸ ਨੂੰ ਵੇਖੋ। ਪਰ ਪਵਿੱਤਰ ਆਤਮਾ ਪਰਮੇਸ਼ੁਰ ਦੇ ਵਚਨ ਦਾ ਸਮਰਥਨ ਕਰੇਗੀ।

102 ਸੰਤ ਯੂਹੰਨਾ, ਪਹਿਲੇ ਅਧਿਆਏ ਅਤੇ ਪਹਿਲੀ ਆਇਤ ਵਿੱਚ, ਉਸਨੇ ਕਿਹਾ ਕਿ ਉਹ ਵਚਨ ਹੈ, ਉਹ ਮਾਰਗਦਰਸ਼ਕ ਹੈ: "ਆਦ ਵਿੱਚ ਵਚਨ ਸੀ, ਵਚਨ ਪਰਮੇਸ਼ੁਰ ਦੇ ਸੰਗ ਸੀ, ਅਤੇ ਵਚਨ ਹੀ ਪਰਮੇਸ਼ੁਰ ਸੀ। ਅਤੇ ਵਚਨ ਦੇਹਧਾਰੀ ਹੋਇਆ ਅਤੇ ਸਾਡੇ ਵਿਚਕਾਰ ਵਾਸ ਕੀਤਾ।" ਮੇਰੇ!

103 ਪਤਰਸ ਨੂੰ ਰਸੂਲਾਂ ਦੇ ਕਰਤੱਬ 2:38 ਵਿਚ, ਇਹ ਕਹਿਣ ਲਈ ਪ੍ਰੇਰਿਤ ਕੀਤਾ ਗਿਆ ਸੀ, ਕਿ ਪਵਿੱਤਰ ਆਤਮਾ ਨੂੰ ਕਿਵੇਂ ਪ੍ਰਾਪਤ ਕਰਨਾ ਹੈ, ਉਸ ਨੇ ਕਿਹਾ, "ਤੋਬਾ ਕਰੋ, ਤੁਹਾਡੇ ਵਿੱਚੋਂ ਹਰ ਇੱਕ, ਫਿਰ ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਓ, ਅਤੇ ਫਿਰ ਮਾਰਗਦਰਸ਼ਕ ਤੁਹਾਨੂੰ ਉੱਥੋਂ ਲੈ ਲਵੇਗਾ।" ਹਾਂ, ਇਹ ਕਰਨ ਵਾਲੀ ਗੱਲ ਹੈ। ਪਹਿਲਾਂ, ਆਪਣੇ ਪਾਪਾਂ ਤੋਂ ਤੋਬਾ ਕਰੋ, ਆਪਣੇ ਅਵਿਸ਼ਵਾਸ ਤੋਂ, ਕਿ ਤੁਸੀਂ ਇਹਨਾਂ ਚੀਜ਼ਾਂ ਤੇ ਅਵਿਸ਼ਵਾਸ ਕੀਤਾ ਹੈ। ਤੋਬਾ ਕਰੋ, ਅਤੇ ਫਿਰ ਬਪਤਿਸਮਾ ਲਓ, ਅਤੇ ਫਿਰ ਮਾਰਗਦਰਸ਼ਕ ਤੁਹਾਨੂੰ ਉੱਥੋਂ ਲੈ ਜਾਵੇਗਾ। ਦੇਖੋ, ਇਹ ਤੁਹਾਡਾ ਫਰਜ਼ ਹੈ। ਤੋਬਾ ਕਰਨਾ ਤੁਹਾਡਾ ਫਰਜ਼ ਹੈ। ਬਪਤਿਸਮਾ ਲੈਣਾ ਤੁਹਾਡਾ ਫਰਜ਼ ਹੈ। ਫਿਰ ਤੁਹਾਨੂੰ ਉਥੋਂ ਲੈ ਕੇ ਜਾਣਾ ਮਾਰਗਦਰਸ਼ਕ ਦਾ ਫਰਜ਼ ਹੈ, ਤੁਹਾਨੂੰ ਨੇਕੀ

ਤੋਂ ਗਿਆਨ, ਸੰਜਮ, ਧੀਰਜ, ਭਗਤੀ ਅਤੇ ਭਾਈਚਾਰੇ ਦੇ ਪ੍ਰੇਮ ਵੱਲ ਲੈ ਜਾਣ ਲਈ, ਅਤੇ ਪਵਿੱਤਰ ਆਤਮਾ ਤੁਹਾਨੂੰ ਮੁਹਰਬੰਦ ਕਰਦਾ ਹੈ। ਸਮਝੇ? ਫਿਰ ਤੁਸੀਂ ਪੂਰੀ ਤਰ੍ਹਾਂ ਪਰਮੇਸ਼ੁਰ ਦੀ ਡੀਲ ਡੌਲ ਤੇ ਹੋਵੋਗੇ, ਪਰਮੇਸ਼ੁਰ ਦੇ ਇੱਕ ਅਸਲੀ ਆਦਮੀ ਹੋ, ਪਰਮੇਸ਼ੁਰ ਦੀ ਇੱਕ ਅਸਲੀ ਔਰਤ, ਮਸੀਹ ਵਿੱਚ ਲੰਗਰ ਕੀਤੇ ਹੋਏ। ਮੈਨੂੰ ਇਹ ਚੰਗਾ ਲੱਗਦਾ ਹੈ, ਕਿ ਮਸੀਹ ਵਿੱਚ ਲੰਗਰ ਕੀਤਾ ਜਾਣਾ।

104 ਹਾਂ, ਮਰਕੁਸ ਪਵਿੱਤਰ ਆਤਮਾ ਦੁਆਰਾ ਪ੍ਰੇਰਿਤ ਕੀਤਾ ਗਿਆ ਸੀ ਕਿ ਉਹ ਮਰਕੁਸ 16 ਲਿਖੇ, ਬੇਸ਼ਕ।

105 ਯੂਹੰਨਾ ਦੀ ਅਗਵਾਈ ਕੀਤੀ ਗਈ ਸੀ ਜਦੋਂ ਉਸਨੇ ਪਰਕਾਸ਼ ਦੀ ਪੋਥੀ ਲਿਖੀ। ਮਾਰਗਦਰਸ਼ਕ ਨੇ ਉਸ ਦੀ ਅਗਵਾਈ ਕੀਤੀ ਸੀ। ਇਹ ਕਹਿਣ ਲਈ ਵੀ ਮਾਰਗਦਰਸ਼ਕ ਨੇ ਉਸ ਦੀ ਅਗਵਾਈ ਕੀਤੀ ਸੀ, "ਜੋ ਕੋਈ ਇਸ ਵਿੱਚੋਂ ਇੱਕ ਸ਼ਬਦ ਘਟਾਵੇ, ਜਾਂ ਇਸ ਵਿੱਚ ਇੱਕ ਸ਼ਬਦ ਜੋੜੇ, ਉਹੀ ਉਸ ਤੋਂ ਲੈ ਲਿਆ ਜਾਵੇਗਾ, ਜੀਵਨ ਦੀ ਕਿਤਾਬ ਵਿੱਚੋਂ ਉਸਦਾ ਹਿੱਸਾ।"

106 ਹੁਣ, ਤੁਸੀਂ ਪਰਮੇਸ਼ੁਰ ਦੇ ਵਚਨ ਦੀ ਜਗ੍ਹਾ ਕਿਸੇ ਹੋਰ ਚੀਜ ਨੂੰ ਦੇਣ ਜਾ ਰਹੇ ਹੋ, ਅਤੇ ਫਿਰ ਵੀ ਕਹਿੰਦੇ ਹੋ ਕਿ ਤੁਸੀਂ ਪਵਿੱਤਰ ਆਤਮਾ ਤੁਹਾਡੀ ਅਗਵਾਈ ਕਰਦਾ ਹੈ? ਕੋਈ ਮਤਲਬ ਨਹੀਂ ਬਣਦਾ, ਕੀ ਬਣਦਾ ਹੈ? ਨਹੀਂ, ਸ਼੍ਰੀਮਾਨ। ਨਹੀਂ ਬਣਦਾ।

107 ਉਹ ਜ਼ਿੰਦਗੀ ਭਰ ਵਿੱਚ ਮੇਰਾ ਮਾਰਗਦਰਸ਼ਕ ਰਿਹਾ ਹੈ। ਉਸਨੇ ਮੇਰਾ ਜੀਵਨ ਵਿੱਚ ਮਾਰਗਦਰਸ਼ਨ ਕੀਤਾ ਹੈ। ਉਹੀ ik ਸੀ ਜਿਸਨੇ ਮੇਰੀ ਜੀਵਨ ਵੱਲ ਅਗਵਾਈ ਕੀਤੀ, ਅਤੇ ਉਹ ਮੇਰਾ ਜੀਵਨ ਹੈ। ਉਸ ਤੋਂ ਬਿਨਾ ਮੇਰਾ ਕੋਈ ਜੀਵਨ ਨਹੀਂ ਹੈ। ਉਸ ਤੋਂ ਬਿਨਾ ਮੈਂ ਹੋਰ ਕੁਝ ਨਹੀਂ ਚਾਹੁੰਦਾ। ਉਹ ਮੇਰਾ ਸਭ ਕੁਝ ਹੈ। ਮੇਰੀਆਂ ਮੁਸ਼ਕਲ ਘੜੀਆਂ ਵਿੱਚ, ਉਹ ਮੇਰੇ ਕੋਲ ਖੜ੍ਹਾ ਹੁੰਦਾ ਹੈ। ਕੱਲ੍ਹ ਉਸਨੇ ਮੈਨੂੰ ਅਸੀਸ ਦਿੱਤੀ, ਅੱਜ ਉਨ੍ਹਾਂ ਨੇ ਉਹੀ ਕੀਤਾ। ਮੈਂ ਕੀ ਉਮੀਦ ਕਰ ਸਕਦਾ ਹਾਂ? ਸਦਾ ਉਹੀ, ਉਸ ਦੇ ਨਾਮ ਦੀ ਵਡਿਆਈ ਹੋਵੇ! ਆਮੀਨ। ਹਾਂ, ਸ਼੍ਰੀਮਾਨ। ਉਸਨੇ ਇਸਦਾ ਵਾਅਦਾ ਕੀਤਾ। ਉਹ ਇਸ ਨੂੰ ਕਰੇਗਾ। ਉਹ ਮੇਰਾ ਜੀਵਨ ਹੈ, ਉਹ ਮੇਰਾ ਮਾਰਗਦਰਸ਼ਕ, ਮੇਰਾ ਸਭ ਕੁਝ ਹੈ। ਮੈਂ ਉਸ ਤੇ ਭਰੋਸਾ ਕੀਤਾ ਹੈ। ਮੇਰੇ ਤੇ ਕੁਝ ਸਖ਼ਤ ਅਜ਼ਮਾਇਸ਼ਾਂ ਸਨ। ਮੈਂ ਜਿੱਥੇ ਵੀ ਜਾਂਦਾ ਹਾਂ ਉਸ ਤੇ ਭਰੋਸਾ ਕਰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹ ਕਰੋ। ਜੇ ਤੁਸੀਂ ਧੋਣ ਲਈ ਜਾਂਦੇ ਹੋ, ਤੁਸੀਂ ਔਰਤੋ, ਉਸ ਤੇ ਭਰੋਸਾ ਕਰੋ। ਜੇਕਰ ਤੁਸੀਂ ਡਾਊਨਟਾਊਨ ਜਾਂਦੇ ਹੋ, ਤਾਂ ਉਸ ਤੇ ਭਰੋਸਾ ਕਰੋ।

108 ਇਕ ਵਾਰ ਮੈਨੂੰ ਲੱਗਿਆ ਕਿ ਮੈਂ ਥੋੜ੍ਹਾ ਜਿਹਾ ਚੰਗਾ ਜੰਗਲੀ ਇਨਸਾਨ

ਹਾਂ, ਤੁਸੀਂ ਜਾਣਦੇ ਹੋ, ਮੈਂ ਬਹੁਤ ਸ਼ਿਕਾਰ ਕੀਤਾ ਹੈ। ਮੈਂ ਸੋਚਿਆ, "ਮੈਂ ਬਸ ਪੱਕਾ ਖਿਡਾਰੀ ਹਾਂ, ਕੋਈ ਨਹੀਂ ਜਾ ਰਿਹਾ...ਤੁਸੀਂ ਮੈਨੂੰ ਗੁਆ ਨਹੀਂ ਸਕਦੇ ਸੀ। ਮੇਰੀ ਮਾਂ ਅੱਧੀ ਭਾਰਤੀ ਸੀ, ਅਤੇ ਮੈਨੂੰ ਇਹ ਗੱਲ ਪਸੰਦ ਸੀ। ਔਹ, ਮੇਰੇ! ਤੁਸੀਂ ਮੈਨੂੰ ਜੰਗਲ ਵਿੱਚ ਨਹੀਂ ਗੁਆ ਸਕਦੇ, ਮੈਨੂੰ ਪਤਾ ਹੈ ਕਿ ਮੈਂ ਕਿੱਥੇ ਹਾਂ।"

109 ਅਤੇ ਮੇਰੇ ਵਿਆਹ ਦੇ ਸੈਰਸਪਾਟੇ ਤੋਂ ਬਾਅਦ, ਮੈਂ ਪਤਨੀ ਨਾਲ ਥੋੜਾ ਜਿਹਾ ਧੋਖਾ ਕੀਤਾ, ਮੈਂ ਉਸਨੂੰ ਕਿਹਾ, "ਤੂੰ ਜਾਣਦੀ ਹੈਂ, ਪਿਆਰੀ, ਸਾਡੇ ਲਈ ਤੇਈ ਅਕਤੂਬਰ ਨੂੰ ਵਿਆਹ ਕਰਨਾ ਚੰਗੀ ਗੱਲ ਹੋਵੇਗੀ।" ਬੇਸ਼ੱਕ, ਪਰਮੇਸ਼ੁਰ ਨੇ ਮੈਨੂੰ ਉਦੋਂ ਹੀ ਇਹ ਕਰਨ ਲਈ ਕਿਹਾ ਸੀ।

110 ਅਤੇ ਮੈਂ ਸੋਚਿਆ, "ਹੁਣ, ਛੋਟੇ ਜਿਹੇ ਹਨੀਮੂਨ ਲਈ, ਮੈਂ ਆਪਣੇ ਪੈਸੇ ਬਚਾ ਲਏ ਹਨ, ਅਤੇ ਮੈਂ ਉਸਨੂੰ ਨਿਆਗਰਾ ਫਾਲਸ ਦੇ ਕੋਲ ਲੈ ਜਾਵਾਂਗਾ, ਅਤੇ ਐਡੀਰੋਨਡੈਕ ਤੇ ਜਾਵਾਂਗਾ ਅਤੇ ਥੋੜਾ ਜਿਹਾ ਸ਼ਿਕਾਰ ਕਰਾਂਗਾ।" ਸਮਝੇ? ਇਸ ਲਈ ਮੈਂ ਉਸ ਨੂੰ ਅਤੇ ਬਿਲੀ ਨੂੰ ਲੈ ਗਿਆ, ਉਹ ਬਸ ਛੋਟਾ ਜਿਹਾ ਹੀ ਸੀ। ਅਤੇ ਇਸ ਲਈ ਮੈਨੂੰ ਉਸਨੂੰ ਹਨੀਮੂਨ ਲੈ ਜਾਣਾ ਪਿਆ, ਅਤੇ ਇਹ ਇੱਕ ਸ਼ਿਕਾਰ ਦੀ ਯਾਤਰਾ ਵੀ ਸੀ, ਤੁਸੀਂ ਜਾਣਦੇ ਹੋ। ਇਸ ਲਈ—ਇਸ ਲਈ ਮੈਂ ਸੋਚਿਆ ਕਿ ਇਹ ਕਰਨਾ ਬਹੁਤ ਵਧੀਆ ਰਹੇਗਾ। ਅਤੇ ਇਸ ਲਈ ਮੈਂ ਉਸਨੂੰ ਉੱਪਰ ਲੈ ਗਿਆ, ਅਤੇ...

111 ਮੈਂ ਰੇਂਜਰ, ਮਿਸਟਰ ਡੈਂਟਨ ਨੂੰ ਲਿਖਿਆ। ਅਤੇ ਅਸੀਂ ਹਰੀਕੇਨ ਪਹਾੜ ਤੇ ਜਾ ਰਹੇ ਸੀ। ਅਤੇ ਮੈਂ ਕਿਹਾ, "ਮਿਸਟਰ ਡੈਂਟਨ, ਮੈਂ ਉੱਪਰ ਆ ਰਿਹਾ ਹਾਂ, ਮੈਂ ਇਸ ਪਤਝੜ ਵਿੱਚ ਤੁਹਾਡੇ ਨਾਲ ਰਿੱਛ ਦਾ ਸ਼ਿਕਾਰ ਕਰਨਾ ਚਾਹੁੰਦਾ ਹਾਂ।"

112 ਅਤੇ ਉਸਨੇ ਕਿਹਾ, "ਠੀਕ ਹੈ, ਬਿਲੀ, ਉੱਪਰ ਆ ਜਾਓ।" ਤਾਂ ਉਸਨੇ ਕਿਹਾ, "ਮੈਂ ਇੱਕ *ਫਲਾਣੀ-ਫਲਾਣੀ* ਤਰੀਖ ਨੂੰ ਉੱਥੇ ਪਹੁੰਚਾਂਗਾ।" ਖੈਰ, ਪਤਨੀ ਅਤੇ ਮੈਂ ਇੱਕ ਦਿਨ ਪਹਿਲਾਂ ਉੱਥੇ ਪਹੁੰਚ ਗਏ, ਅਤੇ ਬਿਲੀ, ਅਤੇ ਇਸ ਲਈ ਕੈਬਿਨ ਨੂੰ ਤਾਲਾ ਲੱਗਿਆ ਹੋਇਆ ਸੀ। ਜੰਗਲ ਵਿੱਚ ਇੱਕ ਛੋਟਾ ਜਿਹਾ ਝੁਪੜੀ ਬਣੀ ਹੋਈ ਸੀ।

113 ਜਿੱਥੇ, ਭਾਈ ਫਰੈਡ ਸੋਥਮੈਨ ਅਤੇ ਮੈਂ ਥੋੜਾ ਸਮਾਂ ਪਹਿਲਾਂ ਗਏ ਸੀ ਅਤੇ ਉੱਥੇ ਖੜੇ ਸੀ। ਪਵਿੱਤਰ ਆਤਮਾ, ਮੈਂ ਉਸਨੂੰ ਉੱਥੇ ਖੜ੍ਹਾ ਦੇਖਿਆ, ਉਹ ਪੀਲੀ ਰੋਸ਼ਨੀ ਝਾੜੀਆਂ ਉੱਤੇ ਮੰਡਰਾ ਰਹੀ ਸੀ, ਅਤੇ ਫਰੈਡ ਉੱਥੇ ਖੜ੍ਹਾ ਸੀ। ਉਸ ਨੇ ਕਿਹਾ, "ਇੱਕ ਪਾਸੇ ਆ, ਮੈਂ ਤੇਰੇ ਨਾਲ ਗੱਲ ਕਰਨੀ ਚਾਹੁੰਦਾ ਹਾਂ। ਕੱਲ੍ਹ," ਕਿਹਾ, "ਸਾਵਧਾਨ ਰਹੀਂ, ਉਨ੍ਹਾਂ ਰੇਰੇ ਲਈ ਇੱਕ ਜਾਲ ਵਿਛਾਇਆ ਹੋਇਆ

ਹੈ।” ਕਿਹਾ, “ਸੁਚੇਤ ਰਹੀਂ!” ਕੀ ਇਹ ਸਹੀ ਹੈ, ਭਾਈ ਫਰੈਡ? ਅਤੇ ਮੈਂ ਗਿਆ ਅਤੇ ਉਸ ਰਾਤ ਵਰਮੌਂਟ ਵਿੱਚ ਸੈਂਕੜੇ ਲੋਕਾਂ ਨੂੰ, ਦੱਸਿਆ, ਮੈਂ ਕਿਹਾ, “ਮੇਰੇ ਲਈ ਇੱਕ ਜਾਲ ਵਿਛਾਇਆ ਗਿਆ ਹੈ; ਮੈਂ ਇਸਨੂੰ ਦੇਖਣ ਜਾ ਰਿਹਾ ਹਾਂ। ਮੈਨੂੰ ਨਹੀਂ ਪਤਾ ਕਿ ਇਹ ਕਿੱਥੇ ਹੈ।” ਅਤੇ ਅਗਲੀ ਹੀ ਰਾਤ, ਇਹ ਉੱਥੇ ਆਇਆ, ਉੱਥੇ ਹੀ ਸੀ। ਕਿਹਾ, “ਇੱਥੇ ਉਹ ਜਾਲ ਹੈ ਜੋ ਵਿਛਾਇਆ ਗਿਆ ਹੈ।” ਹਾਂ, ਸ਼੍ਰੀਮਾਨ। ਪਰ ਪਵਿੱਤਰ ਆਤਮਾ ਨੇ ਮੇਰੀ ਅਗਵਾਈ ਕੀਤੀ ਕਿ ਕੀ ਕਰਨਾ ਹੈ। ਅਤੇ, ਔਹ, ਮੇਰੇ, ਇਹ ਬਿਲਕੁਲ ਸਹੀ ਸੀ! ਔਹ, ਤੁਹਾਡੇ ਵਿੱਚੋਂ ਬਹੁਤ ਸਾਰੇ ਜਾਣਦੇ ਹਨ ਕਿ ਇਹ ਕੀ ਸੀ। ਮੇਰੇ ਕੋਲ ਇਹ ਦੱਸਣ ਦਾ ਸਮਾਂ ਨਹੀਂ ਹੈ।

114 ਪਰ ਉਸ ਸਮੇਂ ਜਦ ਉਸ ਥਾਂ ਤੇ ਖੜ੍ਹੇ ਸੀ, ਉਸ ਦਿਨ ਤੋਂ ਠੰਡ ਹੋਣੀ ਸ਼ੁਰੂ ਹੋ ਗਈ ਸੀ। ਸ਼੍ਰੀ ਮਾਨ ਡੈਂਟਨ ਅਗਲੇ ਦਿਨ ਆ ਰਹੇ ਸਨ, ਮੈਂ ਕਿਹਾ, “ਤੂੰ ਜਾਣਦੀ ਹੈਂ, ਪਿਆਰੀ, ਇਹ ਚੰਗਾ ਹੋਵੇਗਾ ਜੇਕਰ ਮੈਨੂੰ ਘਰ ਲੈ ਜਾਣ ਲਈ ਇੱਕ ਵੱਡਾ ਹਿਰਨ ਮਿਲ ਜਾਵੇ।” ਮੈਂ ਕਿਹਾ, “ਅਸੀਂ ਕੀਤਾ…ਮੈਨੂੰ ਇਹ ਪੈਸੇ ਬਚਾਉਣੇ ਪਏ ਸਨ, ਅਤੇ ਸਾਡਾ ਹਾਲ ਹੀ ਵਿਹਕ ਵਿਆਹ ਹੋਇਆ ਹੈ।” ਅਤੇ ਮੈਂ ਕਿਹਾ, “ਜੇ ਮੈਂ ਅੱਜ ਥੋੜਾ ਜਿਹਾ ਸ਼ਿਕਾਰ ਕਰਾਂਗਾ ਤਾਂ ਸਾਨੂੰ ਆਪਣਾ ਸਰਦੀਆਂ ਲਈ ਥੋੜਾ ਜਿਹਾ ਮਾਸ ਮਿਲ ਜਾਵੇਗਾ।”

115 ਅਤੇ ਉਸਨੇ ਕਿਹਾ, “ਠੀਕ ਹੈ, ਅੱਗੇ ਵਧੋ, ਬਿਲੀ।” ਕਿਹਾ, “ਹੁਣ, ਤੁਹਾਨੂੰ ਯਾਦ ਹੈ, ਮੈਂ ਪਹਿਲਾਂ ਕਦੇ ਇਹਨਾਂ ਜੰਗਲਾਂ ਵਿੱਚ ਨਹੀਂ ਆਈ,” ਉਹਨੇ ਕਿਹਾ। ਉਹ ਪਹਾੜਾਂ ਵਿੱਚ ਲਗਭਗ ਪੱਚੀ ਮੀਲ ਉੱਪਰ ਸੀ, ਤੁਸੀਂ ਜਾਣਦੇ ਹੋ, ਅਤੇ ਉਸਨੇ ਕਿਹਾ, “ਮੈਨੂੰ ਇਸ ਬਾਰੇ ਕੁਝ ਨਹੀਂ ਪਤਾ।” ਅਤੇ ਉਸਨੇ ਕਿਹਾ, “ਇਸ ਲਈ ਮੈਂ…”

116 ਮੈਂ ਕਿਹਾ, “ਖੈਰ, ਹੁਣ, ਤੈਨੂੰ ਯਾਦ ਹੈ, ਦੋ ਸਾਲ ਪਹਿਲਾਂ ਮੈਂ ਉਨ੍ਹਾਂ ਤਿੰਨ ਰਿੱਛਾਂ ਨੂੰ ਮਾਰਿਆ ਸੀ। ਇਹ ਬਿਲਕੁਲ ਉੱਥੇ ਪਹਾੜ ਦੇ ਸਿਖਰ ਤੇ ਸਨ।” ਅਤੇ ਮੈਂ ਕਿਹਾ, “ਹੁਣ, ਮੈਨੂੰ ਇੱਕ ਵੱਡਾ ਹਿਰਨ ਲੱਭਾਂਗਾ ਅਤੇ ਅਸੀਂ ਕਿਸੇ ਰਿੱਛ ਨੂੰ ਲੱਭਾਂਗੇ,” ਅਤੇ ਮੈਂ ਕਿਹਾ, “ਸਾਡੇ ਕੋਲ ਸਰਦੀਆਂ ਲਈ ਮਾਸ ਹੋ ਜਾਵੇਗਾ।” ਅੱਛਾ, ਇਹ ਕਾਫ਼ੀ ਵਧੀਆ ਲੱਗਦਾ ਹੈ, ਤੁਹਾਨੂੰ ਪਤਾ ਹੈ। (ਅਸੀਂ ਕਾਲੇ ਜਾਮੁਨ ਚੁੱਕੇ, ਅਤੇ ਉਨ੍ਹਾਂ ਸਰਦੀਆਂ ਲਈ—ਉਨ੍ਹਾਂ ਸਰਦੀਆਂ ਲਈ ਆਪਣਾ ਕੋਲਾ ਲਿਆ; ਅਤੇ ਇਸ ਲਈ ਬਿਲੀ ਨੇ ਉਹਨਾਂ ਨੂੰ ਵੇਚ ਦਿੱਤਾ, ਅਤੇ ਮੇਡਾ ਅਤੇ ਮੈਂ ਉਹਨਾਂ ਨੂੰ ਉਸ ਸ਼ਾਮ ਨੂੰ ਚੁਣਿਆ ਸੀ ਜਦੋਂ ਮੈਂ ਆਪਣੀ ਗਸ਼ਤ ਤੋਂ ਆਇਆ ਸੀ।) ਇਸ ਲਈ ਫਿਰ ਮੈਂ—ਮੈਂ ਕਿਹਾ, “ਅੱਛਾ, ਮੈਂ ਆਪਣੀ ਬੰਦੂਕ ਲੈਣ ਜਾ ਰਿਹਾ ਹਾਂ, ਮੈਂ ਇੱਥੇ ਹੇਠਾਂ ਜਾ ਰਿਹਾ ਹਾਂ।” ਮੈਂ ਕਿਹਾ,

"ਇੱਥੇ ਬਹੁਤ ਸਾਰੇ ਹਿਰਨ ਹਨ, ਮੈਂ ਇੱਕ ਲੱਭ ਲਵਾਂਗਾ।" ਅਤੇ ਮੈਂ ਕਿਹਾ, "ਤੈਨੂੰ ਪਤਾ ਹੈ," ਮੈਂ ਕਿਹਾ, "ਫਿਰ ਮੈਂ ਉਸਨੂੰ ਲੈ ਆਵਾਂਗਾ।" ਅਤੇ ਮੈਂ ਕਿਹਾ, "ਅਸੀਂ...ਮੈਂ ਥੋੜੀ ਦੇਰ ਵਿੱਚ ਵਾਪਸ ਆਵਾਂਗਾ।"

ਉਸਨੇ ਕਿਹਾ, "ਠੀਕ ਹੈ।"

117 ਇਸ ਲਈ, ਜਦੋਂ ਮੈਂ ਤੁਰਿਆ, ਧੁੰਦ ਇੱਕ ਤਰ੍ਹਾਂ ਦਾ ਨਾਲ ਘੱਟ ਸੀ। ਅਤੇ ਤੁਹਾਡੇ ਵਿਚੋਂ ਕੋਈ ਵੀ ਨਿਊ ਹੈਮਸ਼ਾਇਰ ਦੇ ਲੋਕ, ਅਤੇ ਉੱਥੇ ਨਿਊ ਇੰਗਲੈਂਡ ਵਿੱਚ, ਜਾਣਦੇ ਹਨ ਕਿ ਇਸਦਾ ਕੀ ਅਰਥ ਹੈ ਜਦੋਂ ਉਹ ਧੁੰਧ ਹੇਠਾਂ ਆਉਂਦੀ ਹੈ, ਜਾਂ ਪਹਾੜਾਂ ਵਿੱਚ ਕਿਤੇ ਵੀ, ਤੁਸੀਂ ਨਹੀਂ ਜਾਣਦੇ ਕਿ ਤੁਸੀਂ ਕਿੱਥੇ ਹੋ। ਇਹੀ ਸਭ ਹੈ। ਤੁਸੀਂ ਆਪਣੇ ਅੱਗੇ ਆਪਣਾ ਹੱਥ ਨਹੀਂ ਦੇਖ ਸਕਦੇ। ਫਿਰ ਮੈਂ ਹੇਠਾਂ ਵੱਲ ਚੱਲਿਆ ਇੱਕ—ਇੱਕ ਥੋੜ੍ਹੀ ਜਿਹੀ ਕੱਟਾਈ ਵਾਲੀ ਥਾਂ ਤੋਂ, ਥੱਲੇ ਆਇਆ, ਅਤੇ ਚੋਟੀ ਨੂੰ ਪਾਰ ਕਰਕੇ ਵਾਪਸ ਉੱਪਰ ਚੜ੍ਹਿਆ। ਅਤੇ ਮੈਂ ਇੱਕ ਚੀਤਾ ਦੇਖਿਆ, ਜਿਵੇਂ ਤੁਸੀਂ ਇਸ ਨੂੰ ਇੱਥੇ ਇਸ ਦੇਸ਼ ਵਿੱਚ ਕਹਿੰਦੇ ਹੋ। ਅਸੀਂ ਇਸਨੂੰ ਪੱਛਮ ਵਿੱਚ, ਇੱਕ ਕੌਗਰ ਕਹਿੰਦੇ ਹਾਂ। ਉਹ ਇਸਨੂੰ, ਉੱਥੇ, ਪਹਾੜੀ ਸ਼ੇਰ ਕਹਿੰਦੇ ਹਨ। ਇਹ ਸਭ ਇੱਕੋ ਜਾਨਵਰ ਹੈ। ਇਹ ਇੱਕ ਪਿਊਮਾ ਹੈ, ਅਸਲ ਵਿੱਚ ਇਹ ਜੋ ਹੈ। ਉਹੀ ਬਿੱਲੀ, ਲਗਭਗ ਨੌਂ-ਫੁੱਟ ਲੰਬੀ, ਲਗਭਗ ਇੱਕ ਸੌ ਪੰਜਾਹ, ਦੋ ਸੌ ਪੌਂਡ ਵਜ਼ਨ ਹੁੰਦਾ ਹੈ। ਉਸਨੇ ਸੜਕ ਪਾਰ ਕੀਤੀ, ਅਤੇ ਮੈਂ ਬਹੁਤ ਜਿਆਦਾ ਫੁਰਤੀ ਨਾਲ ਬੰਦੂਕ ਬਾਹਰ ਕੱਢੀ, ਪਰ ਇੰਨੀ ਤੇਜ਼ੀ ਨਾਲ ਨਹੀਂ ਕਿ ਉਸ ਤੇ ਨਿਸ਼ਾਨਾ ਲੱਗਾ ਸਕਦਾ।

118 ਖੈਰ, ਮੈਂ ਇਸ ਕੂਗਰ ਦਾ ਪਿੱਛਾ ਕਰਦੇ ਹੋਏ, ਪਹਾੜੀ ਦੇ ਉੱਪਰ ਤਿਲਕ ਗਿਆ, ਉਨ੍ਹਾਂ ਪੱਤਿਆਂ ਨੂੰ ਦੇਖ ਰਿਹਾ ਸੀ ਜਿੱਥੇ ਉਹ ਹਰਕਤ ਕਰ ਰਿਹਾ ਸੀ, ਤੁਸੀਂ ਜਾਣਦੇ ਹੋ। ਮੈਂ ਉਸਨੂੰ ਸੁਣ ਸਕਦਾ ਸੀ। ਉਸਦੇ ਚਾਰ ਪੈਰ ਸਨ। ਮੈਨੂੰ ਪਤਾ ਸੀ ਕਿ ਉਹ ਦੋ-ਪੈਰਾਂ ਵਾਲਾ ਜਾਨਵਰ ਨਹੀਂ ਸੀ, ਉਸਦੇ ਚਾਰ ਪੈਰ ਹਨ। ਅਤੇ ਮੈਂ ਜਾਣਦਾ ਸੀ ਕਿ ਉਹ ਹਿਰਨ ਨਹੀਂ ਸੀ, ਕਿਉਂਕਿ ਇੱਕ ਹਿਰਨ ਪੈਰਾਂ ਦਾ ਖੜਾਕ ਕਰਦਾ ਹੈ। ਅਤੇ ਉਹ ਬਹੁਤ ਆਸਾਨੀ ਨਾਲ ਖਿਸਕ ਜਾਵੇਗਾ, ਬਿੱਲੀ, ਤੁਸੀਂ ਜਾਣਦੇ ਹੋ, ਇਸ ਤਰ੍ਹਾਂ। ਅਤੇ ਜਦੋਂ ਉਹ ਤੁਰਦਾ ਹੈ ਤਾਂ ਰਿੱਛ ਆਪਣੇ ਪੈਰਾਂ ਨੂੰ ਮਰੋੜਦਾ ਹੈ। ਅਤੇ ਇਸ ਲਈ ਮੈਨੂੰ ਪਤਾ ਸੀ ਕਿ ਇਹ ਇੱਕ ਚੀਤਾ ਹੋਣਾ ਚਾਹੀਦਾ ਹੈ। ਅਤੇ ਉਹ ਇੱਕ ਲੱਕੜ ਦੇ ਪਿੱਛੇ ਸੀ ਅਤੇ ਮੈਂ ਉਸਨੂੰ ਨਹੀਂ ਵੇਖਿਆ, ਟਇਹੋਂ ਤੱਕ ਕਿ ਉਸਦੀ ਇੱਕ ਝਲਕ ਹੀ ਮਿਲੀ ਸੀ, ਉਹ ਚਲਾ ਗਿਆ ਸੀ।

119 ਅਤੇ ਮੈਂ ਦੇਖਿਆ ਕਿ ਜਿੱਥੇ ਉਸਨੇ ਪੱਤਿਆਂ ਨੂੰ ਹਿਲਾਇਆ ਸੀ, ਤੁਸੀਂ ਜਾਣਦੇ ਹੋ, ਪਹਾੜ ਦੀ ਚੋਟੀ ਉੱਤੇ, ਅਤੇ ਇਸ ਤਰ੍ਹਾਂ ਹੇਠਾਂ, ਅਤੇ ਮੈਂ ਉਸ

ਸਾਰੇ ਸਮੇਂ ਵਿੱਚ ਬੱਦਲ ਆਉਂਦੇ ਹੋਏ ਨਹੀਂ ਦੇਖ ਰਿਹਾ ਸੀ, ਤੁਸੀਂ ਜਾਣਦੇ ਹੋ, ਧੁੰਦ ਹੇਠਾਂ ਆ ਰਹੀ ਸੀ। ਮੈਂ ਹੌਲੀ ਹੌਲੀ ਹੇਠਾਂ ਵਧਿਆ, ਇਕ ਵੱਡੀ ਘਾਟੀ ਵਿਚੋਂ ਲੰਘ ਕੇ ਬਾਹਰ ਨਿਕਲਿਆ ਅਤੇ ਇਸ ਚੀਤੇ ਦਾ ਪਿੱਛਾ ਕਰਦਿਆਂ ਜਿਆਂਟ ਵਿੱਚ ਚਲਾ ਗਿਆ। ਮੈਂ ਸੋਚਿਆ, "ਮੈਂ ਉਸ ਨੂੰ ਥੋੜ੍ਹੀ ਦੇਰ ਬਾਅਦ ਫੜ ਲਵਾਂਗਾ।" ਮੈਨੂੰ ਇੱਕ ਥਾਂ ਨਜ਼ਰ ਆਉਂਦੀ, ਤਾਂ ਮੈਂ ਇੱਕ ਉੱਚੀ ਥਾਂ ਤੇ ਦੌੜ ਕੇ ਚੜ੍ਹਦਾ, ਅਤੇ ਚਾਰਾਂ ਪਾਸੇ ਵੇਖਦਾ, ਧਿਆਨ ਨਾਲ ਜਾਚਦਾ ਕਿ ਕੀ ਮੈਂ ਉਸਨੂੰ ਵੇਖ ਸਕਦਾ ਹਾਂ; ਧਿਆਨ ਨਾਲ ਸੁਣਦਾ, ਅਤੇ ਫਿਰ ਹੌਲੀ ਹੌਲੀ ਥੱਲੇ ਵਧਦਾ, ਚੁਪਚਾਪ ਹੇਠਾਂ ਸਿਰਕਦਾ। ਤੁਸੀਂ ਸੁਣ ਸਕਦੇ ਸੀ ਕਿ ਅੱਗੇ ਕਿਤੇ ਬੂਟੇ ਟੁੱਟ ਰਹੇ ਸਨ, ਮੇਰੇ ਤੋਂ ਕਾਫ਼ੀ ਅੱਗੇ ਜਿਥੇ ਉਹ ਜਾ ਰਿਹਾ ਸੀ। ਦੇਖੋ, ਉਹ ਉਦੋਂ ਦਰੱਖਤਾਂ ਤੇ ਚੜ੍ਹ ਰਿਹਾ ਸੀ ਇਸ ਲਈ ਮੈਂ ਉਸਦਾ ਪਿੱਛਾ ਨਹੀਂ ਕਰ ਸਕਦਾ ਸੀ। ਦੇਖੋ, ਉਹ ਹੁਸ਼ਿਆਰ ਹੋ ਗਿਆ, ਦਰਖਤਾਂ ਉੱਤੇ ਚੜ੍ਹ ਗਿਆ ਅਤੇ ਦਰੱਖਤ ਤੋਂ ਦੂਜੇ ਦਰੱਖਤ ਤੇ ਛਾਲ ਮਾਰ ਰਿਹਾ ਸੀ। ਫਿਰ ਉਸਨੂੰ ਪਤਾ ਸੀ ਕਿ ਮੈਂ ਉੱਥੇ ਉਸਦਾ ਪਿੱਛਾ ਨਹੀਂ ਕਰ ਸਕਦਾ। ਔਹ, ਮੈਂ ਸੋਚਿਆ, "ਔਹ, ਫਿਰ ਵੀ!"

120 ਅਤੇ ਮੈਂ ਘਾਟੀ ਵਿੱਚ ਵਾਪਸ ਚੜ੍ਹਨਾ ਸ਼ੁਰੂ ਕੀਤਾ, ਅਤੇ ਮੈਂ ਇੱਕ ਰਿੱਛ, ਇੱਕ ਬੁਜ਼ੁਰਗ ਮਰਦ ਰਿੱਛ ਨੂੰ ਸੁੰਘ ਸਕਦਾ ਸੀ। ਮੈਂ ਸੋਚਿਆ, "ਮੈਂ ਹੁਣ ਉਸ ਨੂੰ ਫੜਾਂਗਾ, ਲੜਕੇ, ਇਹ ਚੰਗਾ ਰਹੇਗਾ!" ਮੈਂ ਦੁਬਾਰਾ ਸੁੰਘਿਆ, ਅਤੇ ਮੈਂ ਥੋੜਾ ਜਿਹਾ ਅੱਗੇ ਗਿਆ, ਅਤੇ ਮੈਂ ਹਰ ਕਿਸਮ ਦੇ ਚਿੰਨ੍ਹ ਅਤੇ ਹਰ ਚੀਜ਼ ਲਈ ਦੇਖਿਆ। ਮੈਂ ਇੱਕ ਵੀ ਚੀਜ ਨਹੀਂ ਦੇਖ ਸਕਿਆ; ਵਾਪਸ ਮੁੜਿਆ, ਅਤੇ ਪਹਾੜ ਦੇ ਦੂਜੇ ਪਾਸੇ ਚਲਾ ਗਿਆ। ਅਤੇ ਫਿਰ ਮੇਰੇ ਧਿਆਨ ਵਿੱਚ ਆਉਣ ਲੱਗਿਆ, ਥੋੜੀ ਜਿਹੀ ਧੁੰਦਲਾ ਛਾ ਰਹੀ ਸੀ। ਅਤੇ ਮੈਂ ਦੁਬਾਰਾ ਸੁੰਘਿਆ, ਉਹ ਕਿਤੇ ਨਾ ਕਿਤੇ ਹਵਾ ਵਿੱਚ ਸੀ। ਮੈਂ ਕਿਹਾ, "ਨਹੀਂ। ਹੁਣ ਕੀ ਹੋਇਆ, ਹਵਾ *ਇਸ* ਪਾਸੇ ਆ ਰਹੀ ਸੀ, ਮੈਂ ਆ ਗਿਆ...ਰਿੱਛ ਦੀ ਖੁਸ਼ਬੂ ਹੇਠਾਂ ਤੋਂ *ਇਸ* ਪਾਸਿਓਂ ਆਈ ਸੀ, ਅਤੇ ਹੁਣ ਮੈਂ ਇੱਥੇ ਘੁੰਮ ਚੁੱਕਾ ਹਾਂ ਅਤੇ ਹਵਾ ਇਸ ਹੋਰ ਦਿਸ਼ਾ ਤੋਂ ਆ ਰਹੀ ਹੈ। ਇਸ ਲਈ ਮੈਨੂੰ ਉੱਥੇ ਵਾਪਸ ਜਾਣਾ ਪਵੇਗਾ ਜਿੱਥੇ ਮੈਂ ਪਹਿਲੀ ਵਾਰ ਰਿੱਛ ਨੂੰ ਸੁੰਘਿਆ ਸੀ, ਅਤੇ ਉੱਥੋਂ ਮੁੜ ਪਿੱਛਾ ਕਰਨਾ ਪਵੇਗਾ।"

121 ਅਤੇ ਮੇਰੀ ਵਾਪਸੀ ਵਾਲੇ ਸਫ਼ਰ ਤੇ, ਮੈਂ ਘਾਟੀ ਦੇ ਪਾਰ ਦੇਖਿਆ, ਮੈਂ ਝਾੜੀਆਂ ਨੂੰ ਹਿੱਲਦੇ ਦੇਖਿਆ। ਅਤੇ ਜਦੋਂ ਮੈਂ ਵੇਖਿਆ, ਕੁਝ ਕਾਲਾ ਜਿਹਾ ਹਿੱਲਿਆ। ਮੈਂ ਸੋਚਿਆ, "ਉਹ ਉੱਥੇ ਹੈ।" ਮੈਂ ਬੰਦੂਕ ਵਿੱਚ ਇੱਕ ਸ਼ੈੱਲ ਸੁੱਟਿਆ, ਪੂਰੀ ਫੁਰਤੀ ਨਾਲ, ਅਤੇ ਸਥਿਰ ਖੜ੍ਹਾ ਹੋ ਗਿਆ। ਅਤੇ, ਜਦੋਂ ਇਹ ਕੀਤਾ, ਇਹ ਇੱਕ ਬਹੁਤ ਵੱਡਾ ਹਿਰਣ ਸੀ, ਬਹੁਤ ਹੀ ਵੱਡਾ। ਮੈਂ ਸੋਚਿਆ, "ਇਹ ਤਾਂ ਬਸ ਉਹੀ ਸੀ ਜੋ ਮੈਂ ਚਾਹ ਰਿਹਾ ਸੀ, ਫਿਰ ਵੀ।" ਹਿਰਣ ਦਾ

ਸ਼ਿਕਾਰ ਕਰ ਲਿਆ।

122 ਮੈਂ ਸੋਚਿਆ, “ਖੈਰ!” ਮੈਂ ਕਦੇ ਧਿਆਨ ਨਹੀਂ ਦਿੱਤਾ ਕਿ ਇਹ…ਉਸ ਸਮੇਂ ਤਕ ਜਦੋਂ ਮੈਂ ਉਸ ਨੂੰ ਤਿਆਰ ਕਰ ਲਿਆ, ਵੇਖਿਆ…ਮੈਂ ਆਪਣੇ ਹੱਥ ਸਾਫ਼ ਕੀਤੇ ਅਤੇ ਆਪਣੇ ਚਾਕੂ ਨੂੰ ਠੀਕ ਕੀਤਾ, ਇਸਨੂੰ ਵਾਪਸ ਪਾ ਦਿੱਤਾ। ਅਤੇ ਮੈਂ ਸੋਚਿਆ, “ਪਰਮੇਸ਼ੁਰ ਦੀ ਮਹਿਮਾ ਹੋਵੇ! ਤੁਹਾਡਾ ਧੰਨਵਾਦ, ਪ੍ਰਭੂ ਯਿਸੂ, ਤੁਸੀਂ ਮੈਨੂੰ ਮੇਰਾ ਸਰਦੀਆਂ ਦਾ ਮਾਸ ਦਿੱਤਾ ਹੈ। ਪਰਮੇਸ਼ੁਰ ਦੀ ਮਹਿਮਾ ਹੋਵੇ!” ਅਤੇ ਮੈਂ ਆਪਣੀ ਬੰਦੂਕ ਲਈ। ਮੈਂ ਸੋਚਿਆ, “ਮੈਂ ਹੁਣ ਇੱਥੇ ਦੁਬਾਰਾ ਘਾਟੀ ਵਿੱਚ ਜਾਵਾਂਗਾ।” ਮੈਂ ਕਿਹਾ, “ਇੱਥੇ ਦੇਖ, ਲੜਕੇ, ਤੂਫਾਨ ਆ ਰਿਹਾ ਹੈ। ਚੰਗਾ ਹੋਵੇਗਾ ਕਿ ਮੈਂ ਇੱਥੋਂ ਨਿਕਲ ਜਾਵਾਂ ਅਤੇ ਮੇਡਾ ਅਤੇ ਉਨ੍ਹਾਂ ਕੋਲ ਵਾਪਸ ਚਲਾ ਜਾਵਾਂ।” ਮੈਂ ਕਿਹਾ, “ਮੈਨੂੰ ਜਲਦੀ ਕਰਨੀ ਪਵੇਗੀ।”

123 ਮੈਂ ਘਾਟੀ ਦੇ ਉੱਪਰ ਗਿਆ, ਆਪਣੇ ਵੱਡੇ ਲਾਲ ਕੋਟ ਦਾ ਬਟਨ ਖੋਲ੍ਹਿਆ, ਅਤੇ ਮੈਂ *ਇਸ* ਤਰ੍ਹਾਂ, ਘਾਟੀ ਦੇ ਚੁਫੇਰੇ ਦੌੜ ਰਿਹਾ ਸੀ। ਸਭ ਤੋਂ ਪਹਿਲਾਂ, ਮੈਨੂੰ ਵਿਚਾਰ ਆਇਆ, “ਮੈਂ ਕਿੱਥੇ ਮੁੜ ਗਿਆ ਸੀ?” ਹਵਾ ਪਹਿਲਾਂ ਹੀ ਹੇਠਾਂ ਆ ਗਈ ਸੀ, ਰੁੱਖ ਇੱਕ ਦੂਜੇ ਨਾਲ ਟਕਰਾ ਰਹੇ ਸਨ। ਮੈਂ ਸੋਚਿਆ, “ਮੈਂ ਕਿਥੋਂ ਮੁੜਿਆ ਸੀ?” ਮੈਂ ਆਲੇ ਦੁਆਲੇ ਗਿਆ। ਮੈਨੂੰ—ਮੈਨੂੰ ਪਤਾ ਸੀ ਕਿ ਮੈਂ ਸਿੱਧਾ ਹਰੀਕੇਨ ਪਹਾੜ ਵੱਲ ਜਾ ਰਿਹਾ ਸੀ। ਪਰ ਮੈਂ ਰੁਕ ਗਿਆ, ਅਤੇ ਮੈਨੂੰ ਪਸੀਨਾ ਆ ਰਿਹਾ ਸੀ, ਮੈਂ ਸੋਚਿਆ, “ਇੱਥੇ ਕੀ ਗੜਬੜ ਹੈ? ਮੈਨੂੰ ਡੇਢ ਘੰਟਾ, ਜਾਂ ਪੌਣਾ ਘੰਟਾ ਹੋ ਗਿਆ ਹੈ, ਅਤੇ ਮੈਨੂੰ ਉਹ ਜਗ੍ਹਾ ਨਹੀਂ ਮਿਲੀ ਜਿੱਥੋਂ ਮੈਂ ਮੁੜਿਆ ਸੀ।” ਮੈਂ ਉੱਪਰ ਵੇਖਿਆ, ਅਤੇ ਮੇਰਾ ਹਿਰਣ ਓਥੇ ਹੀ ਲਟਕ ਰਿਹਾ ਸੀ। ਮੈਂ ਬਿਲਕੁਲ ਓਸੇ ਥਾਂ ਤੇ ਸੀ। ਮੈਂ ਸੋਚਿਆ, “ਅੱਛਾ, ਮੈਂ ਕੀ ਕੀਤਾ ਸੀ?”

124 ਖੈਰ, ਮੈਂ ਫਿਰ ਚੱਲ ਪਿਆ। ਮੈਂ ਸੋਚਿਆ, “ਮੈਂ ਇਸ ਵਾਰ ਪਹੁੰਚ ਜਾਵਾਂਗਾ, ਮੈਂ ਬਸ ਧਿਆਨ ਨਹੀਂ ਦੇ ਰਿਹਾ ਸੀ।” ਮੈਂ ਹਰ ਛੋਟੀ ਜਿਹੀ ਹਲਚਲ ਨੂੰ ਧਿਆਨ ਨਾਲ ਦੇਖਿਆ, ਹਰ ਥਾਂ ਦੇਖ ਰਿਹਾ ਸੀ। ਮੈਂ ਲਗਾਤਾਰ ਖੋਜਦਾ ਰਿਹਾ, ਖੋਜਦਾ ਰਿਹਾ, ਖੋਜਦਾ ਰਿਹਾ। ਉਹ ਬੱਦਲ ਆ ਰਹੇ ਸਨ, ਮੈਨੂੰ ਪਤਾ ਸੀ ਕਿ ਬਰਫ਼ੀਲਾ ਤੂਫਾਨ ਆਉਣ ਵਾਲਾ ਸੀ, ਧੁੰਧ ਥੱਲੇ ਆ ਗਈ ਸੀ, ਅਤੇ ਫਿਰ ਮੇਰੇ ਧਿਆਨ ਵਿੱਚ ਆਇਆ। ਮੈਂ ਸੋਚਿਆ, “ਮੈਂ ਥੋੜ੍ਹਾ ਹੋਰ ਅੱਗੇ ਜਾਵਾਂਗਾ,” ਅਤੇ ਹੋਰ ਅੱਗੇ, ਅੱਗੇ, ਅੱਗੇ, ਅੱਗੇ, ਅੱਗੇ, ਅੱਗੇ, ਅੱਗੇ ਚੱਲਦਾ ਗਿਆ। ਅਤੇ ਮੈਂ ਸੋਚਿਆ, “ਅਜੀਬ ਗੱਲ ਹੈ, ਇਹ ਥਾਂ ਤਾਂ ਪਹਿਲਾਂ ਵੀ ਦੇਖੀ ਹੋਈ ਲੱਗਦੀ ਹੈ।” ਅਤੇ ਮੈਂ ਵੇਖਿਆ, ਅਤੇ ਮੇਰਾ ਹਿਰਣ ਓਥੇ ਹੀ ਲਟਕ ਰਿਹਾ ਸੀ। ਸਮਝੇ?

125 ਤੁਹਾਨੂੰ ਪਤਾ ਹੈ ਕਿ ਮੈਂ ਕਿੱਥੇ ਸੀ? ਇਸਨੂੰ ਇੰਡੀਅਨ ਲੋਕ “ਮੌਤ ਦਾ

ਰਾਹ" ਕਹਿੰਦੇ ਹਨ। ਦੇਖੋ, ਤੁਸੀਂ ਗੋਲ ਚੱਕਰ ਵਿੱਚ ਘੁੰਮਦੇ ਰਹਿੰਦੇ ਹੋ। ਖੈਰ, ਮੈਨੂੰ ਤਾਂ ਇਹ ਲੱਗਿਆ ਸੀ ਕਿ ਮੈਂ ਬਹੁਤ ਵਧੀਆ ਮਾਰਗਦਰਸ਼ਕ ਹਾਂ ਜੋ ਕਦੇ ਗੁਆਚ ਨਹੀਂ ਸਕਦਾ। ਦੇਖੋ, ਜੰਗਲ ਵਿਚ ਮੈਨੂੰ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਸੀ, ਮੈਂ ਆਪਣਾ ਰਾਹ ਜਾਣਦਾ ਸੀ। ਸਮਝੇ?

126 ਅਤੇ ਮੈਂ ਦੁਬਾਰਾ ਚਲਿਆ। ਮੈਂ ਕਿਹਾ, "ਮੈਂ ਇਹ ਗਲਤੀ ਨਹੀਂ ਕਰ ਸਕਦਾ।" ਅਤੇ ਮੈਂ ਫਿਰ ਵਾਪਸ ਆ ਗਿਆ।

127 ਮੈਂ ਥੋੜ੍ਹਾ ਜਿਹਾ ਘਾਟੀ ਦੇ ਉੱਪਰ ਚੱਲਾ ਗਿਆ, ਫਿਰ ਹਵਾ ਵੱਗਣੀ ਸ਼ੁਰੂ ਹੋ ਗਈ ਸੀ। ਔਹ, ਮੇਰੇ, ਹਰ ਪਾਸੇ ਬਰਫ਼ ਸੀ! ਲਗਭਗ ਹਨੇਰਾ ਹੋਣਾ ਵਾਲਾਂ ਸੀ। ਅਤੇ ਮੈਨੂੰ ਪਤਾ ਸੀ ਕਿ ਮੇਡਾ ਉਸ ਰਾਤ ਜੰਗਲ ਵਿੱਚ ਮਰ ਜਾਏਗੀ, ਉਸਨੂੰ ਨਹੀਂ ਪਤਾ ਸੀ ਕਿ ਆਪਣੇ ਆਪ ਨੂੰ ਕਿਵੇਂ ਸੰਭਾਲਣਾ ਹੈ। ਅਤੇ ਬਿਲੀ ਤਾਂ ਸਿਰਫ਼ ਤਿੰਨ, ਚਾਰ ਸਾਲ ਦਾ ਸੀ, ਬਸ ਇੱਕ ਛੋਟਾ ਜਿਹਾ ਬੱਚਾ। ਅਤੇ ਮੈਂ ਸੋਚਿਆ, "ਉਹ ਕੀ ਕਰਨਗੇ?" ਖੈਰ, ਮੈਂ ਹੁਣ ਇੱਥੋਂ ਤਕ ਆ ਗਿਆ ਹਾਂ ਅਤੇ ਮੈਂ ਕੁਝ ਕਾਈ ਵਾਲੀ ਥਾਂ ਤੇ ਪੈਰ ਰੱਖਿਆ, ਮੈਂ ਸੋਚਿਆ, "ਮੈਂ ਕਿਤੇ ਇੱਕ ਪੱਧਰੀ ਥਾਂ ਤੇ ਹਾਂ, ਅਤੇ ਮੈਂ ਕੁਝ ਵੀ ਨਹੀਂ ਦੇਖ ਸਕਦਾ, ਸਾਰੇ ਪਾਸੇ ਧੁੰਦ ਹੈ।" ਹੁਣ ਮੈਂ ਚੱਕਰ ਵਿੱਚ ਘੁੰਮ ਰਿਹਾ ਸੀ।

128 ਆਮ ਤੌਰ ਤੇ, ਜੇ ਮੇਰੇ ਨਾਲ ਕੋਈ ਹੁੰਦਾ, ਤਾਂ ਮੈਂ ਆਪਣੇ ਲਈ ਜਗ੍ਹਾ ਲੱਭ ਲੈਂਦਾ ਅਤੇ ਰੁਕ ਜਾਂਦਾ। ਮੈਂ ਰੁਕ ਜਾਂਦਾ ਅਤੇ ਇੱਕ ਜਾਂ ਦੋ ਦਿਨ ਤਕ ਤੂਫਾਨ ਦੇ ਖਤਮ ਹੋਣ ਦੀ ਉਡੀਕ ਕਰਦਾ, ਅਤੇ ਬਾਹਰ ਆ ਜਾਂਦਾ। ਆਪਣੇ ਹਿਰਨ ਦੇ ਟੁਕੜੇ ਨੂੰ ਕੱਟਦਾ...ਮੇਰੀ ਪਿੱਠ ਉੱਤੇ, ਅਤੇ ਅੰਦਰ ਜਾਂਦਾ, ਖਾਂਦਾ, ਅਤੇ ਇਸ ਬਾਰੇ ਭੁੱਲ ਜਾਂਦਾ। ਪਰ ਤੁਸੀਂ ਅਜਿਹਾ ਨਹੀਂ ਕਰ ਸਕਦੇ, ਅਤੇ ਤੁਹਾਡੀ ਪਤਨੀ ਅਤੇ ਬੱਚਾ ਉੱਥੇ ਜੰਗਲ ਵਿੱਚ ਪਏ, ਮਰ ਰਹੇ ਹਨ। ਸਮਝੇ?

129 ਤਾਂ ਮੈਂ ਸੋਚਣ ਲੱਗ ਪਿਆ, "ਮੈਂ ਕੀ ਕਰ ਸੱਕਦਾ ਹਾਂ?" ਇਸ ਲਈ ਮੈਂ ਥੋੜ੍ਹਾ ਜਿਹਾ ਹੋਰ ਅੱਗੇ ਗਿਆ। ਅਤੇ ਮੈਂ ਸੋਚਿਆ, "ਹੁਣ, ਰੁਕ ਜਾ। ਜਦੋਂ ਮੈਂ ਪਹਿਲੀ ਵਾਰੀ ਉਹ ਘਾਟੀ ਪਾਰ ਕੀਤੀ ਸੀ, ਤਦੋਂ ਹਵਾ ਮੇਰੇ ਚਿਹਰੇ ਤੇ ਸੀ, ਤਾਂ ਮੈਂ ਇਧਰੋਂ ਹੀ ਆਇਆ ਹੋਵਾਂਗਾ। ਮੈਨੂੰ ਇਸ ਪਾਸੇ ਆਉਣਾ ਚਾਹੀਦਾ ਹੈ।" ਅਤੇ ਮੈਂ ਜਾਇੰਟਸ ਵਿੱਚ ਭਟਕ ਗਿਆ ਸੀ, ਪਰ ਮੈਨੂੰ ਨਹੀਂ ਪਤਾ ਸੀ ਕਿ ਮੈਂ ਕਿੱਥੇ ਸੀ। ਮੈਂ ਕਿਹਾ, "ਔਹ!" ਮੈਨੂੰ ਘਬਰਾਹਟ ਹੋਣੀ ਸ਼ੁਰੂ ਹੋ ਗਈ। ਅਤੇ ਮੈਂ ਸੋਚਿਆ, "ਇੱਕ ਮਿੰਟ ਰੁਕ, ਬਿਲ, ਤੂੰ ਗੁੰਮ ਨਹੀਂ ਹੋਇਆ ਹੈਂ," ਆਪਣੇ ਆਪ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਤੁਸੀਂ ਇਸ ਨੂੰ ਧੋਖਾ ਨਹੀਂ ਦੇ ਸਕਦੇ। ਨਹੀਂ, ਨਹੀਂ। ਉਹ ਅੰਦਰੂਨੀ ਜ਼ਮੀਰ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਗਲਤ ਹੋ।

130 ਔਹ, ਤੁਸੀਂ—ਤੁਸੀਂ ਕੋਸ਼ਿਸ਼ ਕਰਦੇ ਹੋ ਕਹਿਣ ਦੀ, "ਔਹ, ਮੈਂ ਬਚਿਆ ਹੋਇਆ ਹਾਂ, ਮੈਂ ਗਿਰਜਾਘਰ ਜਾਂਦਾ ਹਾਂ।" ਤੁਸੀਂ ਚਿੰਤਾ ਨਾ ਕਰੋ, ਤੁਸੀਂ ਉਸ ਮੌਤ ਦਾ ਬਿਸਤਰਾ ਆਉਣ ਤੱਕ ਇੰਤਜ਼ਾਰ ਕਰੋ, ਅਤੇ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਇਹ ਕੁਝ ਹੋਰ ਹੈ। ਤੁਹਾਡਾ ਜ਼ਮੀਰ ਤੁਹਾਨੂੰ ਦੱਸਦਾ ਹੈ। ਤੁਹਾਡੇ ਅੰਦਰ ਦੀ ਕੋਈ ਚੀਜ਼ ਤੁਹਾਨੂੰ ਦੱਸਦੀ ਹੈ ਕਿ ਤੁਸੀਂ ਗਲਤ ਹੋ। ਸਮਝੇ? ਤੁਸੀਂ ਜਾਣਦੇ ਹੋ ਜੇਕਰ ਤੁਸੀਂ ਮਰ ਜਾਂਦੇ ਹੋ ਤਾਂ ਤੁਸੀਂ ਇੱਕ ਪਵਿੱਤਰ ਪਰਮੇਸ਼ੁਰ ਨੂੰ ਨਹੀਂ ਮਿਲ ਸਕਦੇ। ਜਿਵੇਂ ਅਸੀਂ ਉਸਨੂੰ ਕੱਲ੍ਹ ਰਾਤ ਦੇਖਿਆ, ਇੱਥੇ ਤੱਕ ਕਿ ਪਵਿੱਤਰ ਫਰਿਸ਼ਤੇ ਵੀ ਉਸਦੇ ਸਾਮਣੇ ਖੜੇ ਹੋਣ ਲਈ ਆਪਣੇ ਮੂੰਹ ਨੂੰ ਢੱਕਦੇ ਹਨ। ਤੁਸੀਂ ਯਿਸੂ ਮਸੀਹ ਦੇ ਲਹੂ ਦੇ ਬਾਹਰ ਜੋ ਤੁਹਾਨੂੰ ਪਰਦਾ ਕਰਦਾ ਹੈ ਕਿਵੇਂ ਖੜ੍ਹੇ ਹੁੰਦੇ ਹੋ?

131 ਮੈਂ ਸੋਚਿਆ, "ਔਹ, ਮੈਂ ਇਹ ਕਰ ਲਵਾਂਗਾ।" ਮੈਂ ਅੱਗੇ ਵਧਿਆ। ਅਤੇ ਮੈਨੂੰ ਪਤਾ ਲੱਗਿਆ ਕਿ ਮੈਂ ਕੁਝ ਸੁਣ ਰਿਹਾ ਸੀ। ਫਿਰ ਮੈਂ ਘਬਰਾ ਗਿਆ। ਅਤੇ ਮੈਂ ਸੋਚਿਆ, "ਹੁਣ, ਜੇ ਮੈਂ ਅਜਿਹਾ ਕਰਦਾ ਹਾਂ, ਤਾਂ ਮੈਂ ਟੁੱਟ ਜਾਵਾਂਗਾ।" ਇਹ ਉਹੀ ਹੈ ਗੁਆਚਿਆ ਹੋਇਆ ਆਦਮੀ ਆਮ ਤੌਰ ਤੇ ਕਰਦਾ ਹੈ, ਉਹ ਜੰਗਲ ਵਿੱਚ ਟੁੱਟ ਜਾਂਦਾ ਹੈ। ਫਿਰ ਉਹ ਆਪਣੀ ਬੰਦੂਕ ਲੈ ਲਵੇਗਾ, ਆਪਣੇ ਆਪ ਨੂੰ ਗੋਲੀ ਮਾਰ ਲਵੇਗਾ; ਜਾਂ ਇੱਕ ਖਾਈ ਵਿੱਚ ਡਿੱਗ ਜਾਵੇਗਾ ਅਤੇ ਆਪਣੀ ਲ਼ੱਤ ਭਨਾ ਲਵੇਗਾ, ਅਤੇ ਉਹ ਉੱਥੇ ਪਿਆ ਰਹੇਗਾ, ਉਹ ਉੱਥੇ ਮਰ ਜਾਵੇਗਾ। ਤਾਂ ਮੈਂ ਸੋਚਿਆ, "ਮੈਂ ਕੀ ਕਰਨ ਜਾ ਰਿਹਾ ਹਾਂ?" ਇਸ ਲਈ ਮੈਂ ਤੁਰਨ ਲੱਗਾ।

132 ਅਤੇ ਮੈਂ ਕੁਝ ਕਹਿੰਦਾ ਸੁਣਦਾ ਰਿਹਾ, "ਮੈਂ ਮੁਸੀਬਤ ਦੇ ਸਮੇਂ ਵਿੱਚ ਇੱਕ ਹਾਜਰ ਮਦਦ ਹਾਂ।" ਮੈਂ ਬੱਸ ਚਲਦਾ ਰਿਹਾ।

133 ਮੈਂ ਸੋਚਿਆ, "ਹੁਣ, ਮੈਨੂੰ ਪਤਾ ਹੈ ਕਿ ਮੈਂ ਥੋੜ੍ਹਾ ਜਿਹਾ ਟੁੱਟ ਰਿਹਾ ਹਾਂ, ਮੈਂ ਇੱਕ ਆਵਾਜ਼ ਸੁਣ ਰਿਹਾ ਹਾਂ ਜੋ ਮੇਰੇ ਨਾਲ ਗੱਲ ਕਰ ਰਹੀ ਹੈ।" ਮੈਂ ਚਲਦਾ ਰਿਹਾ। ਮੈਂ ਗਿਆ "*ਫਯੁ, ਫਯੁ, ਫਯੁ,*" ਸੀਟੀ ਵਜਾਉਂਦਾ ਹੋਇਆ, ਤੁਸੀਂ ਜਾਣਦੇ ਹੋ। ਮੈਂ ਸੋਚਿਆ, "ਹੁਣ, ਮੈਂ ਗੁਆਚਿਆ ਹੋਇਆ ਨਹੀਂ ਹਾਂ। ਤੂੰ ਜਾਣਦਾ ਹੈਂ ਕਿੱਥੇ ਹੈਂ, ਲੜਕੇ! ਤੈਨੂੰ ਕੀ ਹੋ ਗਿਆ ਹੈ? ਤੂੰ ਖੋ ਨਹੀਂ ਸਕਦਾ।" ਤੂੰ—ਤੂੰ ਬਹੁਤ ਵਧੀਆ ਸ਼ਿਕਾਰੀ ਹੈਂ, ਤੂੰ ਗੁਆਚ ਨਹੀਂ ਸਕਦਾ।" ਆਪਣੇ ਆਪ ਦੀ ਵਡਿਆਈ ਕਰਦਾ ਹੋਇਆ, ਤੁਸੀਂ ਸਮਝ ਰਹੇ ਹੋ, ਆਪਣੇ ਆਪ ਨੂੰ ਧੋਖਾ ਦੇ ਕੇ ਅੱਗੇ ਵੱਧ ਰਿਹਾ ਸੀ।

134 ਤੁਸੀਂ ਇਸ ਨੂੰ ਧੋਖਾ ਨਹੀਂ ਦੇ ਸਕਦੇ। *ਇਥੇ* ਥੋੜ੍ਹਾ ਹੇਠਾਂ ਇੱਕ ਛੋਟਾ ਚੱਕਾ ਘੁੰਮ ਰਿਹਾ ਸੀ, ਕਹਿ ਰਿਹਾ ਸੀ, "ਲੜਕੇ, ਤੂੰ ਗੁਆਚ ਗਿਆ ਹੈਂ ਅਤੇ ਤੂੰ

ਜਾਣਦਾ ਹੈਂ ਕਿ ਤੂੰ ਗੁਆਚ ਗਿਆ ਹੈਂ। ਦੇਖ, ਤੂੰ ਗੁਆਚ ਗਿਆ ਹੈਂ।"

135 ਮੈਂ ਅੱਗੇ ਵਧਦਾ ਰਿਹਾ। "ਔਹ, ਮੈਂ ਗੁਆਚਿਆ ਨਹੀਂ ਹਾਂ! ਮੈਂ ਠੀਕ ਹੋ ਜਾਵਾਂਗਾ। ਮੈਂ ਆਪਣਾ ਰਸਤਾ ਲੱਭ ਲਵਾਂਗਾ।" ਚੀਜ਼ਾਂ ਅਜੀਬ ਲੱਗਣ ਲੱਗੀਆਂ, ਹਵਾ ਨੇ ਤੇਜ਼ੀ ਫੜੀ। ਬਰਫ ਉੱਡਣ ਲੱਗੀ, ਛੋਟੀ ਛੋਟੀ ਬਰਫ ਦੀਆਂ ਕਣੀਆਂ, ਜਿਸਨੂੰ ਅਸੀਂ "ਹੇਠਾਂ ਕਿਰਦੀ" ਕਹਿੰਦੇ ਹਾਂ। ਮੈਂ ਸੋਚਿਆ, "ਇੱਕ ਪਤਨੀ ਅਤੇ ਬੱਚਾ! ਮੈ ਨਹੀ..." ਮੈਂ ਸੋਚਿਆ, "ਔਹ, ਮੇਰੇ!"

136 ਫਿਰ ਮੈਨੂੰ ਉਹ ਦੁਬਾਰਾ ਸੁਣਾਈ ਦਿੱਤਾ, ਕਿਹਾ, "ਮੈਂ ਮੁਸੀਬਤ ਦੇ ਸਮੇਂ ਵਿੱਚ ਇੱਕ ਹਾਜਰ ਮਦਦ ਹਾਂ।" ਅਤੇ ਮੈਂ ਉਦੋਂ ਇੰਜੀਲ ਦਾ ਸੇਵਕ ਸੀ, ਇੱਥੇ ਇਸੇ ਡੇਰੇ ਵਿੱਚ ਪ੍ਰਚਾਰ ਕਰ ਰਿਹਾ ਸੀ।

137 ਤਾਂ ਮੈਂ ਸੋਚਿਆ, "ਅੱਛਾ, ਮੈਂ ਕੀ ਕਰ ਸਕਦਾ ਹਾਂ?" ਮੈਂ ਰੁਕ ਕੇ ਹਰ ਥਾਂ ਵੇਖਿਆ, ਅਤੇ ਧੁੰਧ ਪਹਿਲਾਂ ਹੀ ਥੱਲੇ ਆ ਗਈ ਸੀ। ਮੈਂ...ਇਹ ਸੀ। ਉਦੋਂ ਕੁਝ ਨਹੀਂ ਕੀਤਾ ਜਾ ਸਕਦਾ ਸੀ। ਮੈਂ ਸੋਚਿਆ, "ਔਹ, ਮੈਂ ਕੀ ਕਰ ਸਕਦਾ ਹਾਂ?" ਮੈਂ ਸੋਚਿਆ, "ਸ਼੍ਰੀ ਮਾਨ, ਮੈਂ ਜੀਉਣ ਦੇ ਲਾਇਕ ਨਹੀਂ ਹਾਂ, ਮੇਰੇ ਕੋਲ ਬਹੁਤ ਜ਼ਿਆਦਾ ਆਤਮ ਵਿਸ਼ਵਾਸ ਸੀ। ਮੈਂ ਸੋਚਿਆ ਸੀ ਕਿ ਮੈਂ ਸ਼ਿਕਾਰੀ ਹਾਂ, ਪਰ ਮੈਂ ਨਹੀਂ ਹਾਂ।"

138 ਅਤੇ, ਭਾਈ, ਮੈਂ ਹਮੇਸ਼ਾ ਉਸ ਤੇ ਭਰੋਸਾ ਕੀਤਾ ਹੈ। ਸ਼ਿਕਾਰ ਕਰਦੇ ਹੋਏ, ਮੇਰੇ ਉੱਥੇ ਰਿਕਾਰਡ ਬਣਾਏ ਸਨ। ਅਤੇ ਇੱਕ ਮਛੇਰਾ, ਮੈਂ ਇੱਕ ਖਰਾਬ ਮਛੇਰਾ ਹਾਂ, ਪਰ ਮੈਂ ਹਮੇਸ਼ਾ ਉਸ ਤੇ ਭਰੋਸਾ ਕੀਤਾ ਹੈ। ਨਿਸ਼ਾਨੇਬਾਜੀ, ਮੈਂ ਇੱਕ ਖਰਾਬ ਨਿਸ਼ਾਨਾਚੀ ਹਾਂ, ਪਰ ਉਸਨੇ ਮੈਨੂੰ ਇਸ ਤੇ ਵਿਸ਼ਵ ਰਿਕਾਰਡ ਬਣਾਉਣ ਦਿੱਤੇ। ਸਮਝੇ? ਹਿਰਨ ਤੇ, ਸੱਤ, ਅੱਠ ਸੌ ਗਜ਼ ਤੋਂ ਨਿਸ਼ਾਨਾ ਬਣਾਇਆ। ਉੱਥੇ ਇੱਕ ਬੰਦੂਕ ਹੈ ਜਿਸ ਨਾਲ ਮੈਂ ਇੱਕ ਵੀ ਨਿਸ਼ਾਨਾ ਖੁੰਝੇ ਬਿਨਾਂ ਪੈਂਤੀ ਸ਼ਿਕਾਰ ਕੀਤੇ ਸਨ। ਬੱਸ ਇਸ ਨੂੰ ਕਿਤੇ ਵੀ ਪੜ੍ਹੋ, ਜੇ ਤੁਸੀਂ ਕਰ ਸਕਦੇ ਹੋ। ਸਮਝੇ? ਮੈਂ ਨਹੀਂ, ਇਹ ਉਹ ਹੈ। ਮੈਂ ਉਸ ਤੇ ਭਰੋਸਾ ਕੀਤਾ ਹੈ।

ਮੈਂ ਉੱਥੇ ਸੀ, ਮੈਂ ਸੋਚਿਆ, "ਮੈਂ ਕੀ ਕਰ ਸੱਕਦਾ ਹਾਂ? ਮੈਂ ਕੀ ਕਰ ਸੱਕਦਾ ਹਾਂ?"

139 ਮੈਂ ਚਲਦਾ ਰਿਹਾ...ਉਹ ਨੇੜੇ, ਨੇੜੇ ਆਉਂਦਾ ਜਾ ਰਿਹਾ ਸੀ, "ਮੈਂ ਮੁਸੀਬਤ ਦੇ ਸਮੇਂ ਵਿੱਚ ਇੱਕ ਉਪਸਥਿਤ ਮਦਦ ਹਾਂ, ਇੱਕ ਉਪਸਥਿਤ ਮਦਦ।"

140 ਮੈਂ ਸੋਚਿਆ, "ਕੀ ਇਹ ਪ੍ਰਭੂ ਮੇਰੇ ਨਾਲ ਗੱਲ ਕਰ ਰਿਹਾ ਹੈ?" ਮੈਂ ਆਪਣੀ ਟੋਪੀ ਉਤਾਰੀ। ਮੇਰੇ ਕੋਲ ਮੇਰੀ ਗਸ਼ਤ ਵਾਲੀ ਟੋਪੀ ਸੀ, ਲਾਲ ਰੁਮਾਲ ਇਸਦੇ ਦੁਆਲੇ ਲਪੇਟਿਆ ਹੋਇਆ ਸੀ। ਮੈਂ ਇਸਨੂੰ ਹੇਠਾਂ ਰੱਖਿਆ। ਆਪਣਾ ਕੋਟ ਉਤਾਰਿਆ, ਇਹ ਗਿੱਲਾ ਸੀ। ਅਤੇ ਮੈਂ ਆਪਣਾ ਕੋਟ ਹੇਠਾਂ ਰੱਖ ਦਿੱਤਾ,

ਆਪਣੀ ਬੰਦੂਕ ਨੂੰ ਇੱਕ ਦਰੱਖਤ ਦੇ ਕੋਲ ਰੱਖ ਦਿੱਤਾ। ਮੈਂ ਕਿਹਾ, "ਸਵਰਗੀ ਪਿਤਾ, ਹੁਣ ਮੈਂ ਆਪਣੇ ਆਪ ਤੋਂ ਬਾਹਰ ਹੋ ਰਿਹਾ ਹਾਂ, ਮੈਂ ਇੱਕ ਆਵਾਜ਼ ਸੁਣ ਰਿਹਾ ਹਾਂ ਜੋ ਮੇਰੇ ਨਾਲ ਬੋਲ ਰਹੀ ਹੈ। ਕਿ ਇਹ ਤੁਸੀਂ ਹੋ?" ਮੈਂ ਕਿਹਾ, "ਪ੍ਰਭੂ, ਮੈਂ ਤੁਹਾਡੇ ਅੱਗੇ ਸਵੀਕਾਰ ਕਰਦਾ ਹਾਂ ਕਿ ਮੈਂ ਕੋਈ ਸ਼ਿਕਾਰੀ ਨਹੀਂ ਹਾਂ। ਮੈਂ ਨਹੀਂ, ਮੈਂ—ਮੈਂ ਆਪਣਾ ਰਸਤਾ ਨਹੀਂ ਲੱਭ ਸਕਦਾ। ਤੁਹਾਨੂੰ ਮੇਰੀ ਮਦਦ ਕਰਨੀ ਪਵੇਗੀ। ਮੈਂ ਜੀਣ ਦੇ ਯੋਗ ਨਹੀਂ ਹਾਂ, ਅਤੇ ਉਹ ਕੰਮ ਕਰ ਰਿਹਾ ਹਾਂ ਜੋ ਮੈਂ ਕੀਤੇ ਹਨ, ਇੱਥੇ ਆ ਕੇ ਸੋਚਣਾ ਕਿ ਮੈਨੂੰ ਇਸ ਬਾਰੇ ਬਹੁਤ ਪਤਾ ਹੈ ਕਿ ਮੈਂ ਕਦੇ ਵੀ ਗੁਆਚ ਨਹੀਂ ਸਕਦਾ। ਮੈਨੂੰ ਤੁਹਾਡੀ ਲੋੜ ਹੈ, ਪ੍ਰਭੂ। ਮੇਰੀ ਪਤਨੀ ਇੱਕ ਚੰਗੀ ਔਰਤ ਹੈ। ਮੇਰਾ ਬੱਚਾ, ਮੇਰਾ ਛੋਟਾ ਲੜਕਾ, ਉਸ ਦੀ ਮਾਂ ਗੁਜ਼ਰ ਗਈ ਹੈ, ਅਤੇ ਉਹ ਉਸ ਨੂੰ ਮਾਂ ਬਣਨ ਦੀ ਕੋਸ਼ਿਸ਼ ਕਰ ਰਹੀ ਹੈ, ਅਤੇ ਮੈਂ ਹਾਲ ਹੀ ਵਿਚ ਉਸ ਨਾਲ ਵਿਆਹ ਕੀਤਾ ਹੈ। ਅਤੇ ਇੱਥੇ ਉਹ, ਇੱਕ ਬੱਚਾ, ਉੱਥੇ ਜੰਗਲ ਵਿੱਚ ਹਨ, ਉਹ ਦੋਵੇਂ ਅੱਜ ਰਾਤ ਮਰ ਜਾਣਗੇ। ਉਹ ਹਵਾ, ਇਹ ਸਿਫ਼ਰ ਤੋਂ ਲਗਭਗ ਦਸ ਹੇਠਾਂ ਹੋ ਜਾਵੇਗੀ, ਅਤੇ ਉਹ ਨਹੀਂ ਜਾਣਦੇ ਹੋਣਗੇ ਕਿ ਕਿਵੇਂ ਜਿਉਂਦੇ ਰਹਿਣਾ ਹੈ। ਉਹ ਅੱਜ ਰਾਤ ਮਰ ਜਾਣਗੇ। ਪ੍ਰਭੂ, ਉਨ੍ਹਾਂ ਨੂੰ ਮਰਨ ਨਾ ਦੇਵੋ। ਮੈਨੂੰ ਉਨ੍ਹਾਂ ਕੋਲ ਲੈ ਜਾਓ, ਤਾਂ ਜੋ ਮੈਂ ਦੇਖ ਸਕਾਂ ਕਿ ਉਹ ਮਰਣ ਨਾ ਜਾਣ। ਮੈਂ ਗੁਆਚ ਗਿਆ ਹਾਂ! ਮੈਂ ਗੁਆਚ ਗਿਆ ਹਾਂ, ਪ੍ਰਭੂ! ਮੈਂ—ਮੈਂ ਆਪਣਾ ਰਸਤਾ ਨਹੀਂ ਲੱਭ ਸਕਦਾ। ਕੀ ਤੁਸੀਂ ਕਿਰਪਾ ਕਰਕੇ ਮੇਰੀ ਮਦਦ ਨਹੀਂ ਕਰੋਗੇ? ਅਤੇ ਮੈਨੂੰ ਮੇਰੇ ਸਵੈ-ਕੇਂਦਰਿਤ ਤਰੀਕੇ ਲਈ ਮੈਨੂੰ ਮਾਫ਼ ਕਰ ਦਿਓ! ਮੈਂ ਤੁਹਾਡੇ ਬਿਨਾਂ ਕੁਝ ਨਹੀਂ ਕਰ ਸਕਦਾ, ਤੁਸੀਂ ਮੇਰੇ ਮਾਰਗ ਦਰਸ਼ਕ ਹੋ। ਤੁਸੀਂ ਮੇਰੀ ਮਦਦ ਕਰੋ, ਪ੍ਰਭੂ।"

141 ਮੈਂ ਉੱਠਿਆ, ਮੈਂ ਕਿਹਾ, "ਆਮੀਨ।" ਮੈਂ ਆਪਣਾ ਰੁਮਾਲ ਚੁੱਕਿਆ; ਆਪਣਾ ਕੋਟ ਚੁੱਕਿਆ; ਆਪਣੀ ਟੋਪੀ ਵਾਪਸ ਪਾਈ; ਆਪਣੀ ਬੰਦੂਕ ਚੁੱਕੀ। ਮੈਂ ਕਿਹਾ, "ਹੁਣ ਮੈਂ ਆਪਣੇ ਆਪ ਨੂੰ ਉਸ ਰਸਤੇ ਤੇ ਪਾਵਾਂਗਾ ਜੋ ਮੈਂ ਜਾਣਦਾ ਹਾਂ, ਮੇਰੀ ਸਭ ਤੋਂ ਵਧੀਆ ਸਮਝ ਅਨੁਸਾਰ; ਅਤੇ ਮੈਂ ਸਿੱਧਾ ਇੱਕ ਪਾਸੇ ਜਾਵਾਂਗਾ, ਕਿਉਂਕਿ ਮੈਂ ਕਿਤੇ ਇੱਕ ਚੱਕਰ ਵਿੱਚ ਘੁੰਮ ਰਿਹਾ ਹਾਂ, ਮੈਨੂੰ ਨਹੀਂ ਪਤਾ ਕਿੱਥੇ। ਪਰ ਮੈਂ ਉਸ ਰਸਤੇ ਜਾਵਾਂਗਾ ਜਿਸ ਤੇ ਜਾਣ ਲਈ ਤੁਸੀਂ ਮੈਨੂੰ ਕਹੋਗੇ, ਪ੍ਰਭੂ ਪਰਮੇਸ਼ੁਰ, ਮੇਰੇ ਮਾਰਗਦਰਸ਼ਕ।"

142 ਮੈਂ *ਇਸ* ਪਾਸੇ ਤੁਰਨ ਲੱਗਾ। ਮੈਂ ਕਿਹਾ, "ਇਹ ਹੈ, ਅਤੇ ਮੈਨੂੰ ਆਪਣੇ ਆਪ ਨੂੰ ਇਸ ਤੇ ਵਿਸ਼ਵਾਸ ਕਰਾਉਣਾ ਪਏਗਾ। ਮੈਂ *ਇਸ* ਪਾਸੇ ਜਾ ਰਿਹਾ ਹਾਂ। ਮੈਂ ਸਿੱਧਾ *ਇਸ* ਪਾਸੇ ਜਾ ਰਿਹਾ ਹਾਂ। ਮੈਂ ਕੁਝ ਹੋਰ ਨਹੀਂ ਕਰਾਂਗਾ, ਮੈਂ *ਇਸ* ਪਾਸੇ ਜਾ ਰਿਹਾ ਹਾਂ। ਮੈਨੂੰ ਪਤਾ ਹੈ ਕਿ ਮੈਂ ਸਹੀ ਹਾਂ। ਮੈਂ *ਇਸ* ਪਾਸੇ ਜਾ ਰਿਹਾ ਹਾਂ।" ਜੇ ਮੈਂ ਉਸ ਰਸਤੇ ਗਿਆ ਹੁੰਦਾ, ਤਾਂ ਮੈਂ ਕੈਨੇਡਾ ਵੱਲ ਚਲਾ ਗਿਆ ਹੁੰਦਾ।

ਸਮਝੇ?

143 ਉਸ ਸਮੇਂ ਮੈਨੂੰ ਮਹਿਸੂਸ ਹੋਇਆ ਕਿ ਕੁਝ ਮੇਰੇ ਮੋਢੇ ਨੂੰ ਛੂਹ ਰਿਹਾ ਸੀ, ਇੱਕ ਹੱਥ, ਇਹ ਕਿਸੇ ਆਦਮੀ ਦੇ ਹੱਥ ਵਾਂਗ ਲੱਗ ਰਿਹਾ ਸੀ, ਇਸ ਲਈ, ਮੈਂ ਛੇਤੀ ਨਾਲ ਦੇਖਣ ਲਈ ਪਿੱਛੇ ਮੁੜਿਆ। ਉਥੇ ਕੋਈ ਵੀ ਨਹੀਂ ਖੜ੍ਹਾ ਸੀ। ਮੈਂ ਸੋਚਿਆ, "ਉਹ ਕੀ ਸੀ?" ਇੱਥੇ ਮੇਰੇ ਸਾਹਮਣੇ ਬਾਈਬਲ ਪਈ ਹੈ। ਪਰਮੇਸ਼ੁਰ, ਮੇਰਾ ਮਾਰਗ ਦਰਸ਼ਕ ਅਤੇ ਨਿਆਂਈ, ਇੱਥੇ ਖੜ੍ਹਾ ਹੈ। ਮੈਂ ਬਸ ਉੱਪਰ ਤੱਕਿਆ। ਅਤੇ ਪਿੱਛੇ *ਇਸ* ਪਾਸੇ, ਉਹ ਧੁੰਦ ਇੰਨੀ ਪਿਛਾਂਹ ਹੋ ਗਈ ਇੱਥੋਂ ਤੱਕ ਕਈ ਮੈਂ ਹਰੀਕੇਨ ਪਹਾੜ ਦੇ ਸਿਖਰ ਤੇ ਮਿਨਾਰ ਨੂੰ ਦੇਖ ਸਕਦਾ ਸੀ। ਇਸ ਤੋਂ ਸਿੱਧਾ ਦੂਰ ਜਾ ਜਾ ਰਿਹਾ ਸੀ, ਮੇਰੀ ਸ਼ਿਕਾਰ ਕਰਨ ਦੀ ਸਭ ਤੋਂ ਵਧੀਆ ਯੋਗਤਾ ਨਾਲ, ਮੈਂ ਇਸ ਤੋਂ ਦੂਰ ਜਾ ਰਿਹਾ ਸੀ, ਉਸ ਸ਼ਾਮ ਦੇ ਵੇਲੇ ਬਹੁਤ ਦੇਰ ਹੋ ਰਹੀ ਸੀ। ਮੈਂ ਛੇਤੀ ਨਾਲ ਮੁੜਿਆ, ਆਪਣੇ ਆਪ ਨੂੰ *ਇਸ* ਪਾਸੇ ਨੂੰ ਮੋੜਿਆ। ਮੈਂ ਆਪਣੀ ਟੋਪੀ ਫੜ ਲਈ ਅਤੇ ਆਪਣੇ ਹੱਥ ਖੜ੍ਹੇ ਕੀਤੇ, ਮੈਂ ਕਿਹਾ, "ਮੇਰੀ ਅਗਵਾਈ ਕਰੋ, ਪ੍ਰਭੂ, ਤੁਸੀਂ ਮੇਰੇ ਮਾਰਗ ਦਰਸ਼ਕ ਹੋ।"

144 ਮੈਂ ਚੱਲ ਪਿਆ। ਮੈਨੂੰ ਸਿੱਧਾ ਜਾਣਾ ਸੀ ਅਤੇ ਬਾਅਦ ਵਿੱਚ ਗੁਮਰਾਹ ਰਸਤੇ ਅਤੇ ਹਰ ਚੀਜ, ਆਈ ਜਾ ਰਹੀ ਸੀ। ਫਿਰ ਹਨੇਰਾ ਹੋ ਗਿਆ। ਹਿਰਨ ਮੇਰੇ ਸਾਹਮਣੇ ਛਾਲਾਂ ਮਾਰ ਰਹੇ ਸਨ, ਅਤੇ ਸਭ ਕੁਝ। ਮੈਂ ਕੁਝ ਵੀ ਨਹੀਂ ਸੋਚ ਸਕਦਾ ਸੀ ਸਿਵਾਏ ਇਸਦੇ ਕਿ ਆਪਣੇ ਆਪ ਨੂੰ ਇੱਕ ਹੀ ਰਸਤੇ ਤੇ ਰੱਖਾਂ, ਸਿੱਧਾ ਇਸ ਪਹਾੜ ਤੇ ਚੜ੍ਹਦਾ ਜਾਵਾਂ।

145 ਅਤੇ ਮੈਨੂੰ ਪਤਾ ਸੀ ਕਿ ਜੇ ਮੈਂ ਮਿਨਾਰ ਤੱਕ ਪਹੁੰਚ ਗਿਆ, ਤਾਂ ਮੈਂ ਅਤੇ ਸ਼੍ਰੀ ਮਾਨ ਡੈਂਟਨ...ਅਸੀਂ ਉਸ ਬਸੰਤ ਵਿੱਚ ਤਾਰ ਲਗਾਉਣ ਵਿੱਚ ਮਦਦ ਕੀਤੀ ਸੀ। ਅਸੀਂ ਹਰੀਕੇਨ ਪਹਾੜ ਤੋਂ ਟੈਲੀਫੋਨ ਦੀ ਤਾਰ ਨੂੰ ਲਗਾਈ ਸੀ, ਲਗਭਗ ਸਾਢੇ ਤਿੰਨ ਜਾਂ ਚਾਰ ਮੀਲ ਹੇਠਾਂ ਤਕ, ਬਿਲਕੁਲ ਹੇਠਾਂ ਕੈਂਪ ਤੱਕ। ਅਤੇ ਉਹ ਇੱਕ ਛੋਟੇ ਜਿਹੇ ਰਸਤੇ ਤੋਂ ਲੰਘਦੀ ਸੀ, ਪਰ, ਉੱਥੇ ਬਰਫ਼ ਦੀ ਪਰਤ ਸੀ, ਜਿਸ ਨਾਲ ਰਸਤੇ ਦਾ ਪਤਾ ਨਹੀਂ ਲੱਗਦਾ ਸੀ। ਸਮਝੇ? ਅਤੇ ਹਵਾ ਚੱਲ ਰਹੀ ਸੀ ਅਤੇ ਸਭ ਕੁਝ, ਅੰਧਕਾਰ ਅਤੇ ਬਰਫ਼ਬਾਰੀ ਸੀ, ਅਤੇ ਚੱਲਦੇ ਹੋਏ, ਤਾਂ ਪਤਾ ਨਹੀਂ ਲੱਗ ਰਿਹਾ ਸੀ ਕਿ ਤੁਸੀਂ ਕਿੱਥੇ ਹੋ। ਸਿਰਫ਼ ਇਕ ਗੱਲ ਜਿਸਦਾ ਮੈਨੂੰ ਪਤਾ ਸੀ, ਜਦੋਂ ਹਨੇਰਾ ਹੋ ਗਿਆ ਅਤੇ ਮੈਨੂੰ ਪਤਾ ਨਹੀਂ ਸੀ...ਮੈਨੂੰ ਪਤਾ ਸੀ ਕਿ ਮੈਂ ਇੱਕ ਹੀ ਰਸਤੇ ਤੇ ਜਾ ਰਿਹਾ ਸੀ, ਅਤੇ ਸਿੱਧਾ ਪਹਾੜ ਦੀ ਉਚਾਈ ਵੱਲ। ਕਿਉਂਕਿ ਮੈਂ ਪਹਾੜ ਉੱਤੇ ਜਾਣਾ ਸੀ, ਅਤੇ ਮਿਨਾਰ ਬਿਲਕੁਲ ਪਹਾੜ ਦੀ ਚੋਟੀ ਤੇ ਸੀ, ਅਤੇ ਮੈਂ ਉਸ ਤੱਕ ਪਹੁੰਚਣ ਲਈ ਲਗਭਗ ਛੇ ਮੀਲ ਦਾ ਸਫ਼ਰ ਕਰਨਾ ਸੀ। ਜ਼ਰਾ ਸੋਚੋ, ਉਹ ਧੁੰਦ ਸਾਫ਼ ਹੋ ਚੁੱਕੀ ਸੀ, ਛੇ ਮੀਲ, ਸਿਰਫ਼

ਇੱਕ ਛੋਟੀ ਜਿਹੀ ਜਗ੍ਹਾ, ਜਦੋਂ ਤੱਕ ਮੈਂ ਇਸਨੂੰ ਨਹੀਂ ਦੇਖ ਸਕਦਾ ਸੀ!

146 ਅਤੇ ਫਿਰ ਮੈਂ—ਮੈਂ ਆਪਣੀ ਬੰਦੂਕ *ਇਸ* ਹੱਥ ਵਿੱਚ ਚੁੱਕਦਾ, ਅਤੇ *ਇਸ* ਹੱਥ ਨੂੰ ਉੱਪਰ ਚੁੱਕਦਾ, ਕਿਉਂਕਿ ਮੈਂ ਉਹ ਤਾਰਾਂ ਦਰੱਖਤਾਂ ਤੇ ਇਸ ਤਰ੍ਹਾਂ ਟੰਗੀਆਂ ਸਨ, ਕੈਬਿਨ ਵੱਲ ਜਾਣ ਵਾਲੀਆਂ ਟੈਲੀਫ਼ੋਨ ਤਾਰਾਂ, ਤਾਂ ਜੋ ਉਹ ਆਪਣੀ ਪਤਨੀ ਨਾਲ ਗੱਲ ਕਰ ਸਕੇ, ਅਤੇ ਫਿਰ ਉੱਥੋਂ, ਪਹਾੜ ਤੋਂ ਟੈਲੀਫੋਨ ਕਰ ਸਕੇ। ਅਤੇ ਮੈਂ ਉਸ ਸਰਦੀਆਂ ਵਿੱਚ ਉਸ ਨੂੰ ਹੇਠਾਂ ਲਿਆਉਣ ਵਿੱਚ ਉਸਦੀ ਮਦਦ ਕਰਨ ਜਾ ਰਿਹਾ ਸੀ। ਅਤੇ ਮੈਂ ਆਪਣਾ ਹੱਥ *ਇਸ* ਤਰ੍ਹਾਂ ਉਠਾਇਆ ਹੋਇਆ ਸੀ, ਕਹਿ ਰਿਹਾ ਸੀ, "ਹੇ ਪ੍ਰਭੂ, ਮੈਨੂੰ ਉਸ ਤਾਰ ਨੂੰ ਛੂਹਣ ਦਿਓ।" ਤੁਰਦਿਆਂ, ਮੇਰਾ ਬਾਂਹ ਇੰਨੀ ਜ਼ਿਆਦਾ ਦਰਦ ਕਰਨ ਲੱਗੀ, ਥੱਕ ਗਈ ਸੀ ਕਿ ਮੈਂ ਇਸਨੂੰ ਉੱਪਰ ਨਹੀਂ ਰੱਖ ਪਾ ਰਿਹਾ ਸੀ, ਅਤੇ ਮੈਨੂੰ ਇਸਨੂੰ ਹੇਠਾਂ ਕਰਨਾ ਪੈਂਦਾ ਸੀ। ਅਤੇ ਮੈਨੂੰ ਬੰਦੂਕ ਬਡ਼ਕਲ ਕੇ ਨੂੰ *ਦੂਜੇ* ਹੱਥ ਵਿੱਚ ਫੜਨਾ ਪੈਂਦਾ ਸੀ; ਅਤੇ ਕੁਝ ਕਦਮ ਪਿੱਛੇ ਜਾਂਦਾ ਸੀ, ਤਾਂ ਕਿ ਯਕੀਨ ਹੋਵੇ ਕਿ ਕੋਈ ਗਲਤੀ ਨਾ ਕਰਾਂ। ਫਿਰ ਮੈਂ ਆਪਣਾ ਹੱਥ ਉੱਪਰ ਚੁੱਕਦਾ, ਤੁਰਨਾ ਸ਼ੁਰੂ ਕਰਦਾ, ਤੁਰਦਾ ਜਾਂਦਾ। ਕੁਵੇਲਾ ਹੋ ਰਿਹਾ ਸੀ, ਹਨੇਰਾ, ਹਵਾ ਚੱਲ ਰਹੀ ਸੀ। ਔਹ, ਮੈਂ ਇੱਕ ਟਾਹਣੀ ਫੜ ਲੈਂਦਾ, ਅਤੇ ਮੈਂ ਕਹਿੰਦਾ, "ਇਹੋ ਹੈ! ਨਹੀਂ, ਇਹ ਨਹੀਂ ਹੈ।" ਔਹ, ਇਹ ਦਿੰਦਾ ਹੈ...ਇਸਨੂੰ ਇੱਕ ਅਨਿਸ਼ਚਿਤ ਆਵਾਜ਼ ਨਾ ਦੇਣ ਦਿਓ।

147 ਕੁਝ ਦੇਰ ਬਾਅਦ, ਜਦੋਂ ਮੈਂ ਹਾਰ ਮੰਨਣ ਲਈ ਤਿਆਰ ਸੀ, ਤਾਂ ਮੇਰੇ ਹੱਥ ਕਿਸੇ ਚੀਜ ਨਾਲ ਵੱਜਾ। ਔਹ, ਮੇਰੇ! ਜਦੋਂ ਮੈਂ ਗੁਆਚ ਗਿਆ ਸੀ, ਮੈਨੂੰ ਲੱਭ ਲਿਆ ਗਿਆ। ਮੈਂ ਉਸ ਤਾਰ ਨੂੰ ਮਜ਼ਬੂਤੀ ਨਾਲ ਫੜ ਲਿਆ। ਮੈਂ ਬੰਦੂਕ ਨੂੰ ਥੱਲੇ ਸਟਿਆ, ਆਪਣੀ ਟੋਪੀ ਸਿਰ ਤੋਂ ਉਤਾਰੀ, ਤੇ ਥੱਲੇ ਖੜਾ ਹੋ ਗਿਆ। ਮੈਂ ਕਿਹਾ, "ਹੇ ਪ੍ਰਭੂ, ਇਹ ਕਿਹੋ ਜਿਹਾ ਅਹਿਸਾ ਹੈ ਜਦੋਂ ਤੁਸੀਂ ਖੋਏ ਹੋ, ਤੇ ਮਿਲ ਜਾਉ।" ਮੈਂ ਕਿਹਾ, "ਇਸ ਤਾਰ ਦੇ ਅੰਤ ਤੱਕ, ਮੈਂ ਕਦੇ ਵੀ ਇਸਨੂੰ ਨਹੀਂ ਛੱਡਾਂਗਾ। ਮੈਂ ਇਸ ਤਾਰ ਨੂੰ ਫੜ ਕੇ ਰੱਖਾਂਗਾ। ਇਹ ਮੈਨੂੰ ਸਿੱਧਾ ਉਸ ਥਾਂ ਤੱਕ ਲੈ ਜਾਵੇਗੀ, ਜਿੱਥੇ ਇਸ ਧਰਤੀ ਤੇ ਮੇਰੇ ਲਈ ਸਭ ਤੋਂ ਪਿਆਰੇ ਲੋਕ ਹਨ, ਸਿੱਧਾ ਓਥੇ। ਮੇਰੀ ਪਤਨੀ ਅਤੇ ਬੱਚਾ, ਬੇਚੈਨ ਹਨ, ਇਹ ਨਹੀਂ ਜਾਣਦਾ ਕਿ ਮੈਂ ਕਿੱਥੇ ਹਾਂ, ਇਹ ਵੀ ਨਹੀਂ ਜਾਣਦੇ ਕਿ ਅੱਗ ਕਿਵੇਂ ਲਗਾਉਣੀ ਹੈ, ਇਹ ਵੀ ਨਹੀਂ ਜਾਣਦੇ ਕਿ ਕੀ ਕਰਨਾ ਹੈ, ਅਤੇ ਹਵਾਵਾਂ ਵਗਦੀਆਂ ਸਨ, ਅਤੇ ਰੁੱਖਾਂ ਦੀ ਟਾਹਣੀਆਂ ਟੁੱਟ ਰਹੀਆਂ ਸਨ।" ਮੈਂ ਉਸ ਤਾਰ ਨੂੰ ਛੱਡਣ ਦੀ ਹਿੰਮਤ ਨਹੀਂ ਕਰ ਰਿਹਾ ਸੀ। ਮੈਂ ਉਸ ਤਾਰ ਨੂੰ ਫੜ੍ਹਿਆ ਰੱਖਿਆ ਜਦ ਤੱਕ ਇਹ ਮੈਨੂੰ ਸਿੱਧਾ ਉਸ ਜਗ੍ਹਾ ਨਹੀਂ ਲੈ ਗਈ ਜਿੱਥੇ ਧਰਤੀ ਤੇ ਮੇਰੇ ਲਈ ਸਭ ਤੋਂ ਅਜੀਜ ਲੋਕ ਸਨ।

148 ਇਹ ਇੱਕ ਭਿਆਨਕ ਅਨੁਭਵ ਸੀ, ਅਤੇ ਮੇਰਾ ਰਸਤਾ ਲੱਭਣ ਲਈ ਇੱਕ ਵਧੀਆ ਅਨੁਭਵ ਸੀ, ਪਰ ਇਹ ਇਸਦਾ ਅੱਧਾ ਵੀ ਨਹੀਂ ਸੀ। ਇੱਕ ਦਿਨ ਮੈਂ ਪਾਪ ਵਿੱਚ ਗੁਆਚ ਗਿਆ ਸੀ। ਮੈਂ ਇੱਕ ਗਿਰਜੇ ਤੋਂ ਦੂਜੇ ਗਿਰਜੇ ਵਿੱਚ ਗਿਆ, ਕੁਝ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਂ ਸੇਵੇਂਥ-ਡੇ ਐਡਵੈਂਟਿਸਟਾਂ ਕੋਲ ਗਿਆ, ਉਨ੍ਹਾਂ ਨੇ ਮੈਨੂੰ ਦੱਸਿਆ, “ਸਬਤ ਰੱਖੋ, ਮਾਸ ਖਾਣਾ ਛੱਡ ਦਿਓ।” ਮੈਂ ਬੈਪਟਿਸਟ ਕਲੀਸਿਯਾ ਕੋਲ ਗਿਆ, ਪਹਿਲੀ ਬੈਪਟਿਸਟ ਕਲੀਸਿਯਾ, ਉਸ ਨੇ ਕਿਹਾ, “ਬਸ ਉੱਠੋ ਅਤੇ ਉਨ੍ਹਾਂ ਨੂੰ ਦੱਸੋ ਕਿ ਤੁਸੀਂ ਯਿਸੂ ਮਸੀਹ ਪਰਮੇਸ਼ੁਰ ਦੇ ਪੁੱਤਰ ਤੇ ਵਿਸ਼ਵਾਸ ਕਰਦੇ ਹੋ, ਅਤੇ ਮੈਂ ਤੁਹਾਨੂੰ ਬਪਤਿਸਮਾ ਦਿਆਂਗਾ, ਬੱਸ ਇਹੀ ਹੈ।” ਉੱਥੇ ਕੁਝ ਵੀ ਨਹੀਂ ਸੀ। ਪਰ ਇੱਕ ਦਿਨ, ਇੱਕ ਛੋਟੇ ਜਿਹੇ ਕੋਲੇ ਦੀ ਸ਼ੈੱਡ ਵਿੱਚ, ਮੈਂ ਆਪਣੇ ਹੱਥ ਉੱਪਰ ਉਠਾਏ, ਮੈਂ ਕਿਸੇ ਚੀਜ਼ ਨੂੰ ਫੜ ਲਿਆ; ਜਾਂ, ਮੈਂ ਕਹਿ ਸਕਦਾ ਹਾਂ, ਕਿਸੇ ਚੀਜ਼ ਨੇ ਮੈਨੂੰ ਫੜ ਲਿਆ। ਇਹ ਇੱਕ ਜੀਵਨ ਬਚਾਉਣ ਵਾਲਾ, ਮਾਰਗਦਰਸ਼ਕ ਸੀ। ਅਤੇ ਉਸਨੇ ਮੇਰੀ ਹੁਣ ਤੱਕ ਸੁਰੱਖਿਅਤ ਅਗਵਾਈ ਕੀਤੀ ਹੈ, ਮੈਂ ਉਸ ਤਾਰ ਤੋਂ ਆਪਣਾ ਹੱਥ ਨਹੀਂ ਹਟਾਵਾਂਗਾ। ਮੈਂ ਉਸਦੇ ਹੱਥ ਉਸ ਲਈ ਉਠਾਉਂਦਾ ਹਾਂ। ਪੰਥਾਂ, ਸੰਪਰਦਾਵਾਂ ਨੂੰ ਜੋ ਉਹ ਕਰਨਾ ਚਾਹੁੰਦੇ ਹਨ ਕਰਨ ਦਿਓ, ਮੈਂ ਮਾਰਗਦਰਸ਼ਕ ਨੂੰ ਫ਼ੜਿਆ ਹੋਇਆ ਹੈ। ਕਿਉਂਕਿ ਜੋ ਕੁਝ ਵੀ ਧਰਤੀ ਉੱਤੇ ਅਤੇ ਜੋ ਕੁਝ ਵੀ ਸਵਰਗ ਵਿੱਚ, ਜੋ ਕੁਝ ਵੀ ਮੇਰੇ ਲਈ ਅਨਮੋਲ ਹੈ, ਇਸ ਤਾਰ ਦੇ ਅੰਤ ਵਿੱਚ ਹੈ। ਉਹ ਮੈਨੂੰ ਹੁਣ ਤੱਕ ਸੁਰੱਖਿਅਤ ਢੰਗ ਨਾਲ ਲਿਆਇਆ ਹੈ, ਮੈਂ ਬਾਕੀ ਦੇ ਰਸਤੇ ਵਿੱਚ ਉਸ ਤੇ ਭਰੋਸਾ ਕਰਾਂਗਾ। “ਜਦੋਂ ਉਹ ਪਵਿੱਤਰ ਆਤਮਾ ਆਵੇਗਾ, ਉਹ ਤੁਹਾਡੀ ਅਗਵਾਈ ਕਰੇਗਾ ਅਤੇ ਤੁਹਾਡੀ ਅਗਵਾਈ ਕਰੇਗਾ...”

149 ਦੋਸਤੋ, ਇਹ ਮੈਨੂੰ ਉੱਥੇ ਲੈ ਆਇਆ ਹੈ ਜਿੱਥੇ ਮੈਂ ਅੱਜ ਹਾਂ। ਇਸਨੇ ਮੈਨੂੰ ਉਹ ਬਣਾਇਆ ਹੈ ਜੋ ਮੈਂ ਹਾਂ। ਮੈਂ ਖੁਸ਼ੀ ਨਾਲ ਇਸ ਨੂੰ ਤੁਹਾਡੇ ਲਈ ਪੇਸ਼ ਕਰ ਸਕਦਾ ਹਾਂ। ਇਹ ਇੱਕੋ-ਇੱਕ ਮਾਰਗਦਰਸ਼ਕ ਹੈ ਜਿਸ ਬਾਰੇ ਮੈਂ ਕੁਝ ਵੀ ਜਾਣਦਾ ਹਾਂ, ਇੱਥੇ ਧਰਤੀ ਉੱਤੇ ਜਾਂ ਉੱਥੇ। ਜਦੋਂ ਮੈਂ ਸ਼ਿਕਾਰ ਲਈ ਜਾਂਦਾ ਹਾਂ ਤਾਂ ਉਹ ਮੇਰਾ ਮਾਰਗ ਦਰਸ਼ਕ ਹੁੰਦਾ ਹੈ। ਜਦੋਂ ਮੈਂ ਮੱਛੀਆਂ ਫੜਨ ਜਾਂਦਾ ਹਾਂ ਤਾਂ ਉਹ ਮੇਰਾ ਮਾਰਗਦਰਸ਼ਕ ਹੁੰਦਾ ਹੈ। ਜਦੋਂ ਮੈਂ ਕਿਸੇ ਨਾਲ ਗੱਲ ਕਰਦਾ ਹਾਂ ਤਾਂ ਉਹ ਮੇਰਾ ਮਾਰਗਦਰਸ਼ਕ ਹੁੰਦਾ ਹੈ। ਜਦੋਂ ਮੈਂ ਪ੍ਰਚਾਰ ਕਰਦਾ ਹਾਂ ਤਾਂ ਉਹ ਮੇਰਾ ਮਾਰਗ ਦਰਸ਼ਕ ਹੈ। ਜਦੋਂ ਮੈਂ ਸੌਂਦਾ ਹਾਂ ਤਾਂ ਉਹ ਮੇਰਾ ਮਾਰਗਦਰਸ਼ਕ ਹੈ।

150 ਜਦੋਂ ਮੈਂ ਮਰ ਜਾਵਾਂਗਾ, ਉਹ ਦਰਿਆ ਦੇ ਕਿਨਾਰੇ ਖੜਾ ਹੋਵੇਗਾ। ਉਹ ਮੇਰਾ ਰਾਹ ਵਿੱਚ ਮਾਰਗਦਰਸ਼ਨ ਕਰੇਗਾ। “ਮੈਂ ਕਿਸੇ ਬਦੀ ਤੋਂ ਨਹੀਂ ਡਰਾਂਗਾ, ਤੂੰ ਜੋ ਮੇਰੇ ਨਾਲ ਹੈਂ। ਤੇਰੀ ਸੋਟੀ ਤੇ ਤੇਰੀ ਲਾਠੀ, ਏਹ ਮੇਰਾ ਸੁਧਾਰ ਕਰਣਗੀਆਂ

ਅਤੇ ਦਰਿਆ ਦੇ ਪਾਰ ਮੇਰੀ ਅਗਵਾਈ ਕਰਣਗੀਆਂ।”

ਆਓ ਅਸੀਂ ਪ੍ਰਾਰਥਨਾ ਕਰੀਏ।

151 ਸਵਰਗੀ ਪਿਤਾ, ਮੈਂ ਮਾਰਗਦਰਸ਼ਕ ਲਈ ਬਹੁਤ ਧੰਨਵਾਦੀ ਹਾਂ, ਜੋ ਮੇਰੀ ਅਗਵਾਈ ਕਰਦਾ ਹੈ। ਔਹ, ਕਈ ਵਾਰ, ਪਿਤਾ, ਜਦ ਮੈਂ ਉਸਨੂੰ ਆਪਣੇ ਕੋਲ ਸੁਣ ਨਹੀਂ ਸਕਦਾ, ਤਾਂ ਮੈਂ ਡਰ ਜਾਂਦਾ ਹਾਂ। ਮੈਂ ਉਸਨੂੰ ਆਪਣੇ ਨਾਲ ਚਾਹੁੰਦਾ ਹਾਂ ਕਿਉਂਕਿ ਮੈਨੂੰ ਪਤਾ ਨਹੀਂ ਕਿ ਮੈਂ ਕਦੋਂ ਨਦੀ ਦੇ ਕੰਢੇ ਤੱਕ ਪਹੁੰਚਾਂ ਜਾਵਾਂਗਾ। ਮੈਂ ਚਾਹੁੰਦਾ ਹਾਂ ਕਿ ਉਹ ਮੇਰੇ ਨੇੜੇ ਹੋਵੇ। ਮੈਨੂੰ ਕਦੇ ਨਾ ਛੱਡਣਾ, ਪ੍ਰਭੂ। ਮੈਂ ਬੋਲ ਨਹੀਂ ਸਕਦਾ, ਮੈਂ ਪ੍ਰਚਾਰ ਨਹੀਂ ਕਰ ਸਕਦਾ, ਮੈਂ ਜੰਗਲ ਵਿਚ ਸ਼ਿਕਾਰ ਨਹੀਂ ਕਰ ਸਕਦਾ, ਮੈਂ ਕਿਨਾਰੇ ਤੇ ਮੱਛੀ ਨਹੀਂ ਫੜ ਸਕਦਾ, ਮੈਂ ਆਪਣੀ ਕਾਰ ਨਹੀਂ ਚਲਾ ਸਕਦਾ, ਤੇਰੇ ਬਿਨਾਂ ਮੈਂ ਕੁਝ ਨਹੀਂ ਕਰ ਸਕਦਾ। ਤੁਸੀਂ ਮੇਰੇ ਮਾਰਗਦਰਸ਼ਕ ਹੋ। ਅੱਜ ਰਾਤ ਮੈਂ ਇਸ ਕਲੀਸਿਯਾ ਨੂੰ ਇਹ ਕਹਿ ਕੇ ਕਿੰਨਾ ਖੁਸ਼ ਹਾਂ, ਜਿਸ ਤਰ੍ਹਾਂ ਤੁਸੀਂ ਇਨ੍ਹਾਂ ਸਾਰੀਆਂ ਗੱਲਾਂ ਵਿੱਚ ਮੇਰੀ ਅਗਵਾਈ ਕੀਤੀ ਹੈ, ਤੁਸੀਂ ਮੈਨੂੰ ਕਿਵੇਂ ਲੈ ਕੇ ਆਏ ਹੋ!

152 ਮੈਂ ਕਿਸੇ ਦਿਨ ਸੋਚ ਰਿਹਾ ਸੀ; ਇੱਕ ਸਾਲ ਤੋਂ ਜਿਆਦਾ ਸਮਾਂ ਨਹੀਂ ਹੋਇਆ, ਜਦੋਂ ਮੈਂ ਇਥੇ ਗਲੀ ਵਿੱਚ ਖੜ੍ਹਾ ਸੀ, ਅਤੇ ਕਿਉਂਕਿ ਮੇਰੇ ਪਰਿਵਾਰ ਨੇ ਗਲਤ ਕੰਮ ਕੀਤਾ ਸੀ, ਕੋਈ ਵੀ ਮੇਰੇ ਨਾਲ ਗੱਲ ਨਹੀਂ ਕਰਦਾ ਸੀ। ਮੈਂ ਸੰਗਤੀ ਲਈ ਇਕੱਲਾ ਸੀ। ਕੋਈ ਵੀ ਮੇਰੇ ਨਾਲ ਕੁਝ ਲੈਣਾ ਦੇਣਾ ਨਹੀਂ ਰੱਖਣਾ ਚਾਹੁੰਦਾ ਸੀ। ਓਹਨਾਂ ਨੇ ਕਿਹਾ, “ਉਸਦਾ ਪਿਤਾ ਇੱਕ ਸ਼ਰਾਬ ਦਾ ਤਸਕਰ ਹੈ।” ਅਤੇ, ਪ੍ਰਭੂ ਨੇ, ਦੇਖਿਆ ਕਿ ਕੋਈ ਵੀ ਮੇਰੇ ਨਾਲ ਗੱਲ ਨਹੀਂ ਕਰਦਾ ਸੀ। ਅਤੇ ਮੈਂ ਲੋਕਾਂ ਨੂੰ ਪਿਆਰ ਕਰਦਾ ਹਾਂ। ਪਰ ਇੱਕ ਦਿਨ ਜਦੋਂ ਮੈਂ ਉਸ ਤਾਰ ਨੂੰ ਫੜ ਲਿਆ! ਹੁਣ ਮੈਂ ਸੋਚਦਾ ਹਾਂ, ਪ੍ਰਭੂ, ਮੈਨੂੰ ਥੋੜਾ ਆਰਾਮ ਕਰਨ ਲਈ ਜੰਗਲ ਵੱਲ ਨੂੰ ਖਿਸਕਣਾ ਪਏਗਾ। ਇਹ ਕਿਸ ਨੇ ਕੀਤਾ? ਨਾ ਕੋਈ ਵਿਅਕਤੀਗਤ ਆਕਰਸ਼ਣ, ਨਾ ਕੋਈ ਸਿੱਖਿਆ; ਮੇਰੇ ਕੋਲ ਕੁਝ ਵੀ ਨਹੀਂ ਹੈ। ਪਰ ਇਹ ਤੁਸੀਂ ਸੀ, ਪ੍ਰਭੂ। ਤੁਸੀਂ, ਪ੍ਰਭੂ। ਤੁਸੀਂ ਮੈਨੂੰ ਨਿਸ਼ਾਨਾ ਲਗਾਉਣ ਦਿੱਤਾ, ਤੁਸੀਂ ਮੈਨੂੰ ਵੱਡੀ ਮੱਛੀ ਨੂੰ ਫੜਨ ਦਿੱਤਾ, ਕਿਉਂਕਿ ਤੁਸੀਂ ਜਾਣਦੇ ਸੀ ਕਿ ਮੈਂ ਇਹ ਕਰਨਾ ਚਾਹੁੰਦਾ ਹਾਂ। ਤੁਸੀਂ ਮੈਨੂੰ ਪਿਤਾ ਅਤੇ ਮਾਤਾਵਾਂ ਦਿੱਤੀਆਂ ਹਨ। ਤੁਸੀਂ ਮੈਨੂੰ ਭਾਈ ਅਤੇ ਭੈਣਾਂ ਦਿੱਤੀਆਂ ਹਨ। ਤੁਸੀਂ ਮੈਨੂੰ ਮੇਰੀ ਸਿਹਤ ਦਿੱਤੀ ਹੈ। ਤੁਸੀਂ ਮੈਨੂੰ ਇੱਕ ਪਤਨੀ ਦਿੱਤੀ ਹੈ। ਤੁਸੀਂ ਮੈਨੂੰ ਪਰਿਵਾਰ ਦਿੱਤਾ ਹੈ। ਤੁਸੀਂ ਮੇਰਾ ਮਾਰਗ ਦਰਸ਼ਕ ਹੋ, ਪ੍ਰਭੂ। ਮੈਨੂੰ ਆਪਣਾ ਹੱਥ ਫੜਨ ਦਿਉ, ਮੈਨੂੰ ਕਦੇ ਵੀ ਮੈਨੂੰ ਢਿੱਲਾ ਨਾ ਹੋਣ ਦਿਓ। ਜੇ ਇੱਕ ਹੱਥ ਥੱਕ ਜਾਂਦਾ ਹੈ, ਮੈਂ ਬਦਲ ਕੇ ਦੂਸਰੇ ਹੱਥ ਨਾਲ ਫੜ ਲਵਾਂਗਾ। ਮੇਰੀ ਮਦਦ ਕਰੋ, ਪ੍ਰਭੂ।

153 ਅਤੇ ਹੁਣ ਇੱਥੇ ਹਰ ਕੋਈ ਉਸੇ ਜੀਵਨ ਰੇਖਾ ਨੂੰ ਫੜ ਲਵੇ, ਪ੍ਰਭੂ, ਪਵਿੱਤਰ ਆਤਮਾ ਜੋ ਸਾਡਾ ਜੀਵਨ, ਜੀਵਨ ਦੇਣ ਵਾਲਾ ਸਰੋਤ ਹੈ। ਅਤੇ ਇਹ ਸਾਡੀ ਸਾਰਿਆਂ ਡੀ ਉਸ ਖੁਸ਼ਹਾਲ ਧਰਤੀ ਵੱਲ ਅਗਵਾਈ ਕਰੇ, ਜਿਥੇ ਜ਼ਿੰਦਗੀ ਦੀਆਂ ਮੁਸ਼ੱਕਲਾਂ ਖਤਮ ਹੋ ਜਾਂਦੀਆਂ ਹਨ ਅਤੇ ਧਰਤੀ ਤੇ ਸਾਡਾ ਕੰਮ ਪੂਰਾ ਹੋ ਜਾਂਦਾ ਹੈ, ਉੱਥੇ ਨਾ ਕੋਈ ਬੁੱਢੇਪਾ ਹੋਵੇਗਾ, ਨਾ ਹੀ ਕੋਈ ਕਮਜ਼ੋਰ ਲੋਕ ਹੋਣਗੇ, ਹੋਰ ਥਕਾਨ ਭਰੀਆਂ ਰਾਤਾਂ ਨਹੀਂ ਹੋਣਗੀਆਂ, ਕੋਈ ਹੋਰ ਰੋਣਾ ਅਤੇ ਪ੍ਰਾਰਥਨਾ ਨਹੀਂ ਹੋਵੇਗੀ, ਕੋਈ ਹੋਰ ਵੇਦੀ ਦੀਆਂ ਪੁਕਾਰ ਨਹੀਂ ਹੋਵੇਗੀ, ਪਰ ਅਸੀਂ ਉੱਥੇ ਸਦਾ ਲਈ ਜਵਾਨ ਰਹਾਂਗੇ, ਬੀਮਾਰੀ ਅਤੇ ਦੁੱਖ ਮੁੱਕ ਜਾਣਗੇ। ਉੱਥੇ ਕੋਈ ਪਾਪ ਨਹੀਂ ਹੋਵੇਗਾ, ਅਤੇ ਅਸੀਂ ਆਉਣ ਵਾਲੇ ਸਾਰੇ ਯੁੱਗਾਂ ਵਿੱਚ ਪਰਮੇਸ਼ੁਰ ਦੀ ਧਾਰਮਿਕਤਾ ਵਿੱਚ ਜੀਵਾਂਗੇ, ਇਕ ਅਨੰਤ ਕਾਲ ਤੱਕ। ਪਿਤਾ, ਇਸ ਨੂੰ ਬਖਸ਼ ਦਿਓ।

154 ਅਤੇ ਹੁਣ, ਪਿਤਾ ਜੀ, ਜੇ ਅੱਜ ਰਾਤ ਇੱਥੇ ਕੋਈ ਅਜਿਹਾ ਹੈ ਜਿਸ ਨੇ ਉਸ ਜੀਵਨ ਰੇਖਾ ਨੂੰ ਕਦੇ ਨਹੀਂ ਫੜਿਆ, ਹੋਣ ਦੇ ਕਿ ਉਹ ਇਸ ਨੂੰ ਹੁਣੇ ਲੱਭ ਲੈਣ। ਅਤੇ ਪਵਿੱਤਰ ਆਤਮਾ ਜਿਸਨੇ ਮੇਰੀ ਅਗਵਾਈ ਕੀਤੀ ਹੈ...ਅਤੇ ਮੈਂ ਆਪਣੇ ਦਿਲ ਤੋਂ ਕਹਿ ਸਕਦਾ ਹਾਂ, ਤੁਹਾਡੇ ਵਚਨ ਤੇ ਆਪਣੇ ਹੱਥ ਰੱਖ ਕੇ, ਕਿ ਉਹ ਹਮੇਸ਼ਾ ਸਹੀ ਰਿਹਾ ਹੈ। ਮੈਂ ਬਹੁਤ ਵਾਰ ਗਲਤ ਹਾਂ। ਪਰ ਉਹ ਸਹੀ ਹੈ। ਉਸ ਨੂੰ ਮੇਰੇ ਨਾਲ ਰਹਿਣ ਦਿਓ, ਪ੍ਰਭੂ। ਮੈਨੂੰ ਉਸ ਦੇ ਨਾਲ ਰਹਿਣ ਦਿਓ। ਅਤੇ ਹੋਣ ਦੇ ਕਿ ਇੱਥੇ ਹੋਰ ਲੋਕ, ਜੋ ਅੱਜ ਰਾਤ ਉਸਨੂੰ ਨਹੀਂ ਜਾਣਦੇ, ਉਹ ਉਸਦਾ ਅਟੱਲ ਹੱਥ ਨੂੰ ਫੜ ਲੈਣ, ਤਾਂ ਜੋ ਉਨ੍ਹਾਂ ਦੀ ਅਗੁਵਾਈ ਕੀਤੀ ਜਾ ਸਕੇ।

155 ਅਤੇ ਕਿਸੇ ਦਿਨ ਅਸੀਂ ਨਦੀ ਵੱਲ ਆ ਰਹੇ ਹਾਂ। ਉਹ ਸਵੇਰ ਵੀ, ਧੁੰਦ ਭਰੀ ਰਹੇਗੀ। ਪੁਰਾਣਾ ਸਮੁੰਦਰ ਗਰਜ ਰਿਹਾ ਹੋਵੇਗਾ, ਪੁਰਾਣੀ ਯਰਦਨ, ਤੂਫਾਨ ਟੁੱਟ ਰਹੇ ਹੋਣਗੇ, ਮੌਤ ਸਾਡੇ ਵਿੱਚੋਂ ਜੀਵਨ ਨੂੰ ਦਬਾ ਰਹੀ ਹੋਵੇਗੀ। ਪਰ, ਪ੍ਰਭੂ, ਮੈਂ—ਮੈਂ ਨਹੀਂ ਡਰਾਂਗਾ। ਮੈਂ ਇਸਨੂੰ ਬਹੁਤ ਸਮਾਂ ਮੁੱਕਾ ਛੱਡਿਆ ਸੀ। ਮੈਂ ਤਾਂ ਬਸ ਟੋਪ ਉਤਾਰਨਾ ਚਾਹੁੰਦਾ ਹਾਂ, ਇੱਕ ਯੋਧੇ ਵਾਂਗ, ਪਿੱਛੇ ਮੁੜਾਂਗਾ, ਪਿੱਛੇ ਰਸਤੇ ਨੂੰ ਵੇਖਾਂਗਾ ਜਿਸ ਤੇ ਉਸ ਤਾਰ ਨੇ ਮੇਰਾ ਮਾਰਗਦਰਸ਼ਨ ਕੀਤਾ ਸੀ। ਉਸ ਸਾਰੀ ਉਜਾੜ ਨੂੰ ਵੇਖਾਂਗਾ ਜਿਸ ਵਿੱਚੋਂ ਮੈਂ ਆਇਆ ਹਾਂ, ਅਤੇ ਹਰ ਇੱਕ ਕੰਡਿਆਲੀ ਝਾੜੀ, ਅਤੇ ਪੱਥਰਾਂ ਦੇ ਹਰ ਢੇਰ ਨੂੰ ਜਿਨ੍ਹਾਂ ਤੋਂ ਮੈਂ ਘਾਇਲ ਹੋਇਆ ਸੀ, ਪਰ ਤਾਰ ਨੂੰ ਫੜ ਕੇ। ਜਿਵੇਂ ਤੁਸੀਂ ਕਿਹਾ, ਕਵੀ ਨੇ ਕਿਹਾ ਸੀ:

> ਕੁਝ ਪਾਣੀਆਂ ਵਿੱਚੋਂ, ਅਤੇ ਕੁਝ ਹੜ੍ਹਾਂ ਵਿੱਚੋਂ,
> ਕੁਝ ਗਹਿਰੀਆਂ ਅਜ਼ਮਾਇਸ਼ਾਂ ਵਿੱਚੋਂ, ਪਰ ਸਾਰੇ ਲਹੂ ਦੇ

ਰਾਹੀਂ।

ਅਤੇ ਮੈਂ *ਇਸ* ਨੂੰ ਲੈਣਾ ਚਾਹਾਂਗਾ, ਇਸ ਪੁਰਾਣੀ ਤਲਵਾਰ ਨੂੰ, ਜਿਸ ਨੇ ਸਫ਼ਰ ਵਿੱਚ ਮੇਰੀ ਰੱਖਿਆ ਕੀਤੀ ਹੈ, ਅਤੇ ਇਸਨੂੰ ਵਾਪਸ ਇਸ ਦੀ ਮਿਆਨ ਵਿੱਚ ਪਾ ਦਿਆਂਗਾ, ਪੁਕਾਰਦੇ ਹੋਏ, "ਪਿਤਾ, ਅੱਜ ਸਵੇਰੇ ਕਿਸ਼ਤੀ ਨੂੰ ਇਸ ਪਾਰ ਭੇਜ ਦਿਓ, ਮੈਂ ਘਰ ਆ ਰਿਹਾ ਹਾਂ।" ਤੁਸੀਂ ਉੱਥੇ ਹੋਵੋਗੇ, ਪ੍ਰਭੂ। ਤੁਸੀਂ ਇਹ ਵਾਅਦਾ ਕੀਤਾ ਸੀ। ਤੁਸੀਂ ਅਸਫਲ ਨਹੀਂ ਹੋ ਸਕਦੇ।

156 ਸਾਰਿਆਂ ਨੂੰ ਅਸੀਸ ਦਿਓ ਜੋ ਹੁਣ ਇੱਥੇ ਹਨ। ਅਤੇ ਜੇ ਉਹ ਨਹੀਂ ਜਾਣਦੇ ਕਿ ਇਸ ਟਾਰ ਨੂੰ ਕਿਵੇਂ ਫੜਨਾ ਹੈ, ਅਤੇ ਇਸ ਨੂੰ ਕਦੇ ਛੂਹਿਆ ਨਹੀਂ, ਹੋਣ ਦੇ ਕਿ ਪਵਿੱਤਰ ਹੱਥ ਹੁਣ ਉੱਪਰ ਉੱਠਣ, ਲੋੜਵੰਦ ਹੱਥ, ਚਾਹਵਾਨ ਹੱਥ, ਅਤੇ ਜੀਵਨ ਰੇਖਾ ਨੂੰ ਛੂਹ ਲੈਣ ਜੋ ਉਹਨਾਂ ਨੂੰ ਉਹਨਾਂ ਦੇ ਦਿਲ ਦੀ ਇੱਛਾ, ਸੰਪੂਰਨ ਸ਼ਾਂਤੀ ਅਤੇ ਸੰਤੁਸ਼ਟੀ, ਮਸੀਹ ਵਿੱਚ ਆਰਾਮ ਵੱਲ ਲੈ ਜਾਵੇਗੀ।

157 ਆਪਣੇ ਸਿਰ ਝੁਕਾ ਕੇ, ਕੀ ਕੋਈ ਇੱਥੇ ਹੱਥ ਉਠਾ ਕੇ ਕਹੇਗਾ, "ਮੈਨੂੰ ਇਹ ਕਰਨ ਦਿਓ। ਮੇਰਾ ਹੱਥ ਫੜੋ"? ਔਹ, ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ।

ਜਦੋਂ ਰਾਹ ਸੁੰਨ੍ਹਾ ਹੋ ਰਿਹਾ ਹੋਵੇ, ਅਨਮੋਲ ਪ੍ਰਭੂ, ਨੇੜੇ ਰਹੋ,  
ਜਦੋਂ ਮੇਰੀ ਜ਼ਿੰਦਗੀ ਲਗਭਗ ਖਤਮ ਹੋ ਰਹੀ ਹੋਵੇ;  
ਮੈਂ ਨਦੀ ਕਿਨਾਰੇ ਖੜ੍ਹਾ ਰਹਾਂਗਾ,  
ਮੇਰੇ ਪੈਰਾਂ ਦੀ ਅਗਵਾਈ ਕਰਨਾ, ਮੇਰਾ ਹੱਥ ਫੜਨਾ,  
ਮੇਰੇ ਹੱਥ ਨੂੰ ਲੈਣਾ, ਅਨਮੋਲ ਪ੍ਰਭੂ, ਮੇਰੀ ਅਗਵਾਈ ਕਰਨਾ।

158 ਕੀ ਕੋਈ ਹੋਰ ਆਪਣਾ ਹੱਥ ਉਠਾਵੇਗਾ, ਕਹੇਗਾ, "ਪ੍ਰਭੂ, ਮੈਂ ਅੱਜ ਰਾਤ ਜੀਵਨ ਰੇਖਾ ਦੇ ਸਪਰਸ਼ ਨੂੰ ਮਹਿਸੂਸ ਕਰਨਾ ਚਾਹੁੰਦਾ ਹਾਂ। ਮੈਂ ਮਹਿਸੂਸ ਕਰਨਾ ਚਾਹੁੰਦਾ ਹਾਂ ਕਿ ਮਸੀਹ ਨੇ ਮੇਰੇ ਪਾਪਾਂ ਨੂੰ ਮਾਫ਼ ਕਰ ਦਿੱਤਾ ਹੈ, ਅਤੇ ਮੈਂ ਇਸੇ ਘੜੀ ਤੋਂ ਇੱਕ ਨਵਾਂ ਜੀਵ ਬਣਨਾ ਚਾਹੁੰਦਾ ਹਾਂ"? ਪ੍ਰਭੂ ਤੁਹਾਨੂੰ ਬਰਕਤ ਦੇਵੇ। ਕੀ ਕੋਈ ਹੋਰ ਕਹੇਗਾ, "ਮੈਨੂੰ ਤੁਹਾਨੂੰ ਛੂਹਣ ਦਿਓ, ਪ੍ਰਭੂ। ਮੈਨੂੰ ਆਪਣੇ ਆਪ ਨੂੰ ਗਵਾਉਣ ਦਿਓ"? ਪਰਮੇਸ਼ੁਰ ਤੁਹਾਨੂੰ ਖੁਸ਼ ਰੱਖੇ, ਭੈਣ। "ਮੈਂ ਆਪਣੇ ਆਪ ਨੂੰ ਗਵਾ ਲੈਣ ਦਿਓ, ਅਤੇ ਇਸ ਨੂੰ, ਪ੍ਰਭੂ, ਤੇਰੇ ਅੰਦਰ ਲੱਭ ਲਵਾਂ।" ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਅਤੇ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਇਹ ਠੀਕ ਹੈ। "ਮੈਨੂੰ ਆਪਣੇ ਆਪ ਨੂੰ ਗਵਾਉਣ ਦਿਓ, ਪ੍ਰਭੂ। ਮੈਨੂੰ ਭੁੱਲ ਜਾਣ ਦਿਓ।" ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ, ਭਾਈ। "ਮੈਨੂੰ…" ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ, ਭੈਣ। "ਮੈਨੂੰ ਮੈਰਾ ਸਾਰਾ ਗਿਆਨ ਭੁਲਾ ਲੈਣ ਦਿਓ।" ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ, ਭੈਣ। ਮਨੁੱਖ ਦੁਆਰਾ ਬਣਾਈਆਂ ਯੋਜਨਾਵਾਂ ਤੇ ਭਰੋਸਾ ਨਾ ਕਰੋ।

ਮਾਰਗਦਰਸ਼ਨ ਦਾ ਪਿੱਛਾ ਕਰੋ, ਉਹ ਤੁਹਾਡੀ ਅਗਵਾਈ ਸੰਪੂਰਣ ਸੱਚਾਈ ਵਿੱਚ ਕਰੇਗਾ। "ਮੇਰੀ ਅਗਵਾਈ ਕਰੋ, ਪ੍ਰਭੂ ਯਿਸੂ, ਮੇਰੀ ਅਗਵਾਈ ਕਰੋ।" ਪ੍ਰਭੂ ਤੁਹਾਨੂੰ ਉੱਥੇ ਬਰਕਤ ਦੇਵੇ। ਔਹ, ਇੱਥੇ ਬਹੁਤ ਸਾਰੇ ਹੱਥ ਖੜ੍ਹੇ ਹਨ, ਮੁਕਤੀ ਚਾਹੁੰਦੇ ਹਨ। ਹੁਣ ਜਦੋਂ ਅਸੀਂ...

159 ਇੱਥੇ ਜਗਵੇਦੀ, ਤੁਸੀਂ ਜਗਵੇਦੀ ਦੀ ਪੁਕਾਰ ਨਹੀਂ ਕਰ ਸਕਦੇ, ਕਿਉਂਕਿ ਲੋਕ ਸਭ ਜਗ੍ਹਾ ਬੈਠੇ ਹੋਏ ਹਨ। ਪਰ ਉਹ ਇੱਥੇ ਹੀ ਹੈ। ਜਦੋਂ ਤੁਸੀਂ ਆਪਣਾ ਹੱਥ ਖੜਾ ਕੀਤਾ, ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ, ਤੁਹਾਡੇ ਦਿਲ ਵਿੱਚ ਕੁੱਝ ਹੋਇਆ ਹੈ। ਯਿਸੂ ਨੇ ਕਿਹਾ, "ਉਹ ਜੋ ਮੇਰੇ ਬਚਨਾਂ ਨੂੰ ਸੁਣਦਾ ਹੈ ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ, ਉਸ ਕੋਲ ਸਦੀਪਕ ਜੀਵਨ ਹੈ।" ਤੁਸੀਂ ਇਹ ਸੱਚਮੁੱਚ ਮਾਨਦੇ ਹੋ? ਫਿਰ ਇੱਥੇ ਤਲਾਬ ਪਾਣੀ ਨਾਲ ਭਰਿਆ ਹੋਇਆ ਹੈ। ਬਪਤਿਸਮੇ ਲਈ ਕਾਫ਼ੀ ਸਮਾਂ ਹੋਵੇਗਾ। ਆਓ ਅਸੀਂ ਪ੍ਰਾਰਥਨਾ ਕਰੀਏ।

160 ਸਾਡੇ ਸਵਰਗੀ ਪਿਤਾ, ਅੱਜ ਰਾਤ ਇੱਕ ਬੈਠੀ ਹੋਈ ਆਵਾਜ਼ ਨਾਲ ਇੱਕ ਛੋਟੇ-ਜਿਹੇ ਸੰਦੇਸ਼ ਰਾਹੀਂ, ਪਵਿੱਤਰ ਆਤਮਾ ਜਰੂਰ ਕਿਤੇ ਪਹੁੰਚਿਆ ਹੋਵੇਗਾ। ਇਹ ਉੱਥੇ ਗਿਆ ਜਿਸਦੇ ਲਈ ਇਹ ਠਹਿਰਾਇਆ ਗਿਆ ਸੀ, ਅਤੇ ਇੱਥੇ ਬਹੁਤ ਸਾਰੇ ਹਨ, ਪ੍ਰਭੂ, ਅੱਜ ਰਾਤ, ਕੁਝ ਪੰਦਰਾਂ ਜਾਂ ਵੀਹ ਲੋਕਾਂ ਨੇ ਆਪਣੇ ਹੱਥ ਖੜੇ ਕੀਤੇ ਸਨ, ਕਿ ਉਹਨਾਂ ਨੂੰ ਮਾਰਗਦਰਸ਼ਕ ਦੀ ਲੋੜ ਹੈ। ਉਨ੍ਹਾਂ ਨੂੰ ਇਹ ਸਮਝ ਆਇਆ ਹੈ ਕਿ ਉਹ ਆਪਣੇ ਆਪ ਨੂੰ ਧੋਖਾ ਦੇਣ ਦੀ ਕੋਸ਼ਿਸ ਕਰ ਰਹੇ ਸਨ। ਉਹ ਕਹਿਣ ਦੀ ਕੋਸ਼ਿਸ਼ ਕਰ ਰਹੇ ਸਨ "ਮੈਂ ਬਿਲਕੁਲ ਠੀਕ ਹਾਂ," ਪਰ ਆਪਣੇ ਅੰਦਰ ਗਹਿਰਾਈ ਵਿੱਚ ਉਹ ਜਾਣਦੇ ਹਨ ਕਿ ਉਹ ਠੀਕ ਨਹੀਂ ਹਨ। ਅਤੇ ਉਹ ਤੁਹਾਨੂੰ ਮਹਿਸੂਸ ਕਰਨਾ ਚਾਹੁੰਦੇ ਹਨ, ਪ੍ਰਭੂ। ਉਹ ਮਾਰਗਦਰਸ਼ਕ ਨੂੰ ਚਾਹੁੰਦੇ ਹਨ। ਉਹ ਆਪਣਾ ਨਾਮ ਦਰਜ ਕਰਵਾਉਣਾ ਚਾਹੁੰਦੇ ਹਨ। ਤੁਸੀਂ ਕਦੇ ਵੀ ਵਿਅਸਤ ਨਹੀਂ ਹੁੰਦੇ। ਉਹ ਇਸ ਯਾਤਰਾ ਲਈ ਨਾਮ ਦਰਜ ਕਰਵਾਉਣਾ ਚਾਹੁੰਦੇ ਹਨ। ਉਹ ਨਹੀਂ ਜਾਣਦੇ ਕਿ ਉੱਥੇ ਕਿਵੇਂ ਪਹੁੰਚਣਾ ਹੈ। ਕੋਈ ਨਹੀਂ ਜਾਣਦਾ ਕਿ ਉਨ੍ਹਾਂ ਨੂੰ ਉੱਥੇ ਕਿਵੇਂ ਲੈ ਜਾਣਾ ਹੈ; ਤੁਸੀਂ ਹੀ ਜਾਣਦੇ ਹੋ। ਉਹ ਪਰਮੇਸ਼ੁਰ ਦੁਆਰਾ ਮੁਹੱਈਆ ਕੀਤੇ ਮਾਰਗਦਰਸ਼ਕ, ਪਵਿੱਤਰ ਆਤਮਾ ਲਈ ਆ ਰਹੇ ਹਨ। ਉਨ੍ਹਾਂ ਨੇ ਆਪਣੇ ਹੱਥ ਖੜ੍ਹੇ ਕੀਤੇ ਹਨ।

161 ਹੇ ਪਵਿੱਤਰ ਆਤਮਾ ਅਤੇ ਮਾਰਗਦਰਸ਼ਕ, ਉਹਨਾਂ ਉੱਤੇ ਉੱਤਰ ਆ। ਹਰ ਪਾਪ ਨੂੰ ਮਾਫ਼ ਕਰ। ਉਨ੍ਹਾਂ ਦੀਆਂ ਬਦੀਆਂ ਨੂੰ ਮਾਫ਼ ਕਰ। ਉਨ੍ਹਾਂ ਨੂੰ ਅੱਜ ਰਾਤ ਮਸੀਹ ਦੀ ਦੇਹ ਵਿੱਚ ਲੈ ਜਾਓ, ਜਿੱਥੇ ਉਹ ਉਸ ਤਾਰ ਵਿੱਚੋਂ ਪਰਮੇਸ਼ੁਰ ਦੀ ਵਹਿੰਦੀ ਹੋਈ ਧਾਰਾ ਨੂੰ ਮਹਿਸੂਸ ਕਰ ਸਕਣ ਜੋ ਉਹਨਾਂ ਨੂੰ ਹੇਠਾਂ ਯਰਦਨ

ਵੱਲ ਲੈ ਜਾਵੇ, ਅਤੇ ਯਰਦਨ ਦੇ ਪਾਰ ਵਾਅਦਾ ਕੀਤੀ ਹੋਈ ਧਰਤੀ ਵਿੱਚ। ਹੋਣ ਦੇ ਕਿ ਉਹ ਸਿੱਧੇ ਵਚਨ ਦੇ ਪਿੱਛੇ ਚੱਲਣ। ਵਚਨ ਨੇ ਕਿਹਾ, "ਤੋਬਾ ਕਰੋ, ਅਤੇ ਫਿਰ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਓ।" ਹੋਣ ਦੇ ਕਿ ਉਹ ਇਸ ਨੂੰ ਕਿਸੇ ਹੋਰ ਤਰੀਕੇ ਨਾਲ ਨਾ ਅਜ਼ਮਾਉਣ। ਹੋਣ ਦੇ ਕਿ ਬਿਲਕੁਲ ਵਚਨ ਦੇ ਪਿੱਛੇ ਚੱਲਣ, ਕਿਉਂਕਿ ਉਹੀ ਇੱਕ ਹੈ ਜੋ ਮਾਰਗਦਰਸ਼ਨ ਕਰੇਗਾ। ਇਹ—ਇਹ ਉਹ ਪੌੜੀਆਂ ਹਨ ਜਿਨਾਂ ਨੂੰ ਚੜਨਾ ਹੈ ਜਦੋਂ ਤੱਕ ਅਸੀਂ ਮਾਰਗਦਰਸ਼ਕ ਨੂੰ ਫੜ ਨਹੀਂ ਲੈਂਦੇ। ਇਹ ਬਖਸ਼ ਦਿਓ, ਪ੍ਰਭੂ। ਉਹ ਤੇਰੇ ਹੋ ਜਾਣ। ਉਹ ਹੁਣ ਤੁਹਾਡੇ ਹੱਥਾਂ ਵਿੱਚ ਹਨ, ਇਨਾਮ ਦੇ ਰੂਪ ਵਿੱਚ, ਕੋਈ ਵੀ ਵਿਅਕਤੀ ਉਨ੍ਹਾਂ ਨੂੰ ਤੁਹਾਡੇ ਹੱਥੋਂ ਖੋਹ ਨਹੀਂ ਸਕਦਾ। ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਉਨ੍ਹਾਂ ਨੂੰ ਬਚਾਏ ਹੋਏ ਲੋਕਾਂ ਦੇ ਰੂਪ ਵਿੱਚ ਲੈ ਲਓਗੇ। ਮੇਰਾ ਵਿਸ਼ਵਾਸ ਹੈ ਕਿ ਉਨ੍ਹਾਂ ਨੇ ਆਪਣੇ ਹੱਥ ਖੜ੍ਹੇ ਕੀਤੇ ਹਨ, ਉਹ ਆਪਣੇ ਆਪ ਵਿੱਚ ਅਜਿਹਾ ਨਹੀਂ ਕਰ ਸਕਦੇ ਸਨ ਜਦੋਂ ਤੱਕ ਕਿਸੇ ਚੀਜ ਨੇ ਉਨ੍ਹਾਂ ਨਾਲ ਗੱਲ ਨਾ ਕੀਤੀ ਹੋਵੇ। ਇਹ ਤੁਸੀਂ ਸੀ, ਪਵਿੱਤਰ ਆਤਮਾ ਅਤੇ ਮਾਰਗਦਰਸ਼ਕ।

162 ਉਹ ਦੇਖਦੇ ਹਨ ਕਿ ਘੜੀ ਨੇੜੇ ਆ ਰਹੀ ਹੈ, ਧਰਤੀ ਉੱਤੇ ਧੁੰਦ ਛਾ ਰਹੀ ਹੈ, ਮਹਾਨ ਪੰਥ ਅਤੇ—ਅਤੇ ਚੀਜ਼ਾਂ ਇਕਜੁੱਟ ਹੋ ਰਹੀਆਂ ਹਨ, ਕਲੀਸਿਯਾਵਾਂ ਇੱਕਜੁੱਟ ਹੋ ਰਹੀਆਂ ਹਨ, ਇਕੱਠੇ ਹੋ ਰਹੇ ਹਨ। ਅਤੇ, ਹੇ ਪਰਮੇਸ਼ੁਰ, ਉਹ ਜਿਵੇਂ ਉਹ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ, "ਜੋ ਕੋਈ ਵੀ ਸਾਡੇ ਤੋਂ ਵੱਖਰਾ ਹੈ ਉਸ ਨੂੰ ਇੱਥੋਂ ਛੱਡ ਕੇ ਅਲਾਸਕਾ ਜਾਣਾ ਪਵੇਗਾ।" ਅਤੇ ਇਹ ਸਾਰੀਆਂ ਚੀਜ਼ਾਂ ਜੋ ਉਹ ਧਮਕੀਆਂ ਦੇ ਰਹੇ ਹਨ, ਇਹ ਸਾਡੇ ਲਈ ਨਵੀਂ ਗੱਲ ਨਹੀਂ ਹੈ, ਮਹਾਨ ਮਾਰਗਦਰਸ਼ਕ ਨੇ ਸਾਨੂੰ ਵਚਨ ਦੇ ਮਾਰਗ ਵਿੱਚ ਇਹ ਦਿਖਾਇਆ ਹੈ। ਅਸੀਂ ਬਸ ਇਸ ਦੇ ਉਸ ਹਿੱਸੇ ਵਿੱਚੋਂ ਲੰਘ ਰਹੇ ਹਾਂ।

163 ਪਿਤਾ ਪਰਮੇਸ਼ੁਰ, ਤੁਸੀਂ ਅੱਜ ਰਾਤ ਉਨ੍ਹਾਂ ਨਾਲ ਗੱਲ ਕੀਤੀ ਹੈ, ਅਤੇ ਮੈਂ ਉਨ੍ਹਾਂ ਨੂੰ ਹੁਣ ਤੁਹਾਡੇ ਅੱਗੇ ਵਚਨ ਦੇ ਤਮਗਿਆਂ ਵਜੋਂ ਭੇਟ ਕਰਦਾ ਹਾਂ। ਯਿਸੂ ਦੇ ਨਾਮ ਵਿੱਚ।

164 ਹੁਣ, ਇੱਥੇ ਮੇਜ ਤੇ ਇਹ ਰੁਮਾਲ ਪਏ ਹੋਏ ਹਨ, ਪਿਤਾ, ਇਹ ਰੁਮਾਲ ਹਨ, ਇਹ ਬਿਮਾਰ ਲੋਕਾਂ ਲਈ ਹਨ, ਕਿਸੇ ਛੋਟੇ ਬੱਚੇ ਲਈ, ਸ਼ਾਇਦ ਕਿਸੇ ਮਾਂ, ਕਿਸੇ ਭੈਣ, ਕਿਸੇ ਭਰਾ ਲਈ; ਇੱਥੇ ਤੱਕ ਕਿ ਕੁਝ ਵਾਲਾਂ ਵਾਲੀਆਂ ਸੂਈਆਂ ਵੀ ਉਨ੍ਹਾਂ ਵਿੱਚ ਖੁੰਦੀਆਂ ਗਈਆਂ ਹਨ। ਅਤੇ ਹੁਣ ਮੈਂ ਉਨ੍ਹਾਂ ਨੂੰ ਆਪਣੇ ਨੇੜੇ ਰੱਖਦਾ ਹਾਂ। ਹੁਣ, ਸਾਨੂੰ ਬਾਈਬਲ ਵਿਚ ਸਿਖਾਇਆ ਗਿਆ ਹੈ ਕਿ ਉਨ੍ਹਾਂ ਨੇ ਪੌਲੁਸ ਦੇ ਸਰੀਰ ਤੋਂ ਰੁਮਾਲ ਅਤੇ ਪਟਕੇ ਛੁਹਾਏ ਸਨ, ਅਤੇ ਬਿਮਾਰ ਲੋਕ ਚੰਗੇ ਹੋ ਗਏ ਸਨ, ਲੋਕਾਂ ਵਿੱਚੋਂ ਦੁਸ਼ਟ ਆਤਮੇ ਨਿਕਲ ਗਏ ਸਨ। ਹੁਣ ਅਸੀਂ ਸਮਝਦੇ

ਹਾਂ, ਪ੍ਰਭੂ, ਕਿ ਪੌਲੁਸ ਇੱਕ ਆਦਮੀ ਸੀ, ਉਹ ਬਸ ਇੱਕ ਆਦਮੀ ਸੀ। ਪਰ ਇਹ ਪਵਿੱਤਰ ਆਤਮਾ ਦਾ ਮਸਹ ਸੀ ਜੋ ਉਸ ਉੱਤੇ ਸੀ ਜਿਸ ਨੇ ਰੁਮਾਲਾਂ ਤੇ ਬਰਕਤ ਲਿਆਂਦੀ, ਅਤੇ ਲੋਕਾਂ ਦਾ ਵਿਸ਼ਵਾਸ ਸੀ ਕਿ ਉਹ ਤੁਹਾਡਾ ਰਸੂਲ ਹੈ। ਹੁਣ ਪੌਲੁਸ ਨੂੰ ਸਾਡੇ ਤੋਂ ਲੈ ਲਿਆ ਗਿਆ ਹੈ, ਪਰ ਮਾਰਗਦਰਸ਼ਕ ਨੂੰ ਨਹੀਂ, ਉਹ ਅਜੇ ਵੀ ਇੱਥੇ ਹੈ। ਅਤੇ, ਪਰਮੇਸ਼ੁਰ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਇਹਨਾਂ ਰੁਮਾਲਾਂ ਨੂੰ ਅਸੀਸ ਦਿਓਗੇ, ਅਤੇ ਮਾਰਗਦਰਸ਼ਕ ਉਹਨਾਂ ਨੂੰ ਉਸ ਸਥਾਨ ਵੱਲ ਲੈ ਜਾਵੇ, ਜਿੱਥੇ ਪੂਰਨ ਸਮਰਪਣ ਹੈ।

165 ਸਾਨੂੰ ਦੁਬਾਰਾ ਦੱਸਿਆ ਗਿਆ ਹੈ ਕਿ ਜਦੋਂ ਇਜ਼ਰਾਈਲ ਆਪਣੇ ਮਾਰਗਦਰਸ਼ਕ ਦੇ ਪਿੱਛੇ ਚੱਲ ਰਿਹਾ ਸੀ, ਅਤੇ ਉਹ ਸਿੱਧੇ ਯਰਦਨ ਦੇ ਕੋਲ ਆ ਗਏ, (ਸਗੋਂ) ਲਾਲ ਸਾਗਰ ਕੋਲ। ਫਰਜ ਦੇ ਰਾਹ ਵਿੱਚ ਉਨ੍ਹਾਂ ਨੂੰ ਰੋਕਿਆ ਗਿਆ, ਅਤੇ ਮਾਰਗਦਰਸ਼ਕ ਉਨ੍ਹਾਂ ਨੂੰ ਉੱਥੇ ਲੈ ਗਿਆ। ਕੀ? ਆਪਣੀ ਮਹਿਮਾ ਦਿਖਾਉਣ ਲਈ। ਅਤੇ ਜਦੋਂ ਸਾਰੀਆਂ ਆਸਾਂ ਖਤਮ ਹੋ ਗਈਆਂ, ਤਦ ਪਰਮੇਸ਼ੁਰ ਨੇ ਅੱਗ ਦੇ ਉਸ ਥੰਮ੍ਹ ਵਿੱਚੋਂ ਹੇਠਾਂ ਤੱਕਿਆ, ਅਤੇ ਪੁਰਾਣਾ ਮ੍ਰਿਤ ਸਾਗਰ ਵੀ ਡਰ ਗਿਆ ਅਤੇ ਉਹ ਪਿੱਛੇ ਹਟ ਗਿਆ, ਅਤੇ ਉੱਥੇ ਇਸਰਾਏਲ ਲਈ ਵਾਅਦਾ ਕੀਤੇ ਹੋਏ ਦੇਸ਼ ਤੱਕ ਜਾਣ ਲਈ ਇੱਕ ਰਸਤਾ ਬਣਾਇਆ ਗਿਆ ਸੀ।

166 ਸੱਚਮੁੱਚ, ਪ੍ਰਭੂ, ਤੁਸੀਂ ਅਜੇ ਵੀ ਉਹੀ ਪਰਮੇਸ਼ੁਰ ਹੋ। ਇਹ ਲੋਕ ਸ਼ਾਇਦ ਮਸੀਹੀ ਹਨ, ਹੋ ਸਕਦਾ ਹੈ ਕਿ ਉਹ ਫਰਜ਼ ਦੇ ਮਾਰਗ ਵਿੱਚ ਸਹੀ ਹਨ, ਪਰ ਉਨ੍ਹਾਂ ਨੂੰ ਇਸ ਨੁੱਕਰ ਵਿੱਚ ਲਿਆਂਦਾ ਗਿਆ ਜਿੱਥੇ ਬੀਮਾਰੀਆਂ ਨੇ ਉਨ੍ਹਾਂ ਨੂੰ ਘੇਰ ਲਿਆ ਹੈ। ਅੱਜ ਰਾਤ ਯਿਸੂ ਦੇ ਲਹੂ ਦੁਆਰਾ ਹੇਠਾਂ ਦੇਖੋ, ਤਾਂ ਜੋ ਉਹ ਸ਼ੈਤਾਨ ਡਰ ਜਾਵੇ, ਉਹ ਪਿੱਛੇ ਹਟ ਜਾਵੇਗਾ, ਅਤੇ ਤੁਹਾਡੇ ਬੱਚੇ ਚੰਗੀ ਸਿਹਤ ਦੇ ਵਾਅਦੇ ਨੂੰ ਲੈਣਗੇ। ਇਹ ਦੇ ਦਿਓ, ਪਿਤਾ। ਮੈਂ ਆਪਣੀ ਦੇਹ ਵਿੱਚੋਂ ਉਨ੍ਹਾਂ ਦੀ ਦੇਹ ਵਿੱਚ ਭੇਜਦਾ ਹਾਂ, ਯਿਸੂ ਮਸੀਹ ਦੇ ਨਾਮ ਵਿੱਚ।

167 ਮੈਂ ਇਸ ਕਲੀਸਿਯਾ ਨੂੰ ਤੁਹਾਡੇ ਸਾਮ੍ਹਣੇ ਚੁੱਕਦਾ ਹਾਂ, ਵਿਸ਼ਵਾਸ ਨਾਲ ਮੈਂ ਉਨ੍ਹਾਂ ਨੂੰ ਸਿੱਧਾ ਸਵਰਗ ਵਿੱਚ ਪਰਮੇਸ਼ੁਰ ਦੀ ਸ਼ਾਨਦਾਰ ਜਗਵੇਦੀ ਵੱਲ ਲੈ ਜਾਂਦਾ ਹਾਂ। ਬਿਮਾਰੀ ਦੀ ਹਰ ਇੱਛਾ ਲਈ, ਉਹਨਾਂ ਕੋਲ ਜੋ ਵੀ ਹੈ ਜੋ ਗਲਤ ਹੈ, ਉਨ੍ਹਾਂ ਦੀਆਂ ਜ਼ਿੰਦਗੀਆਂ ਵਿੱਚ ਜੋ ਕੁਝ ਵੀ ਕਿਤੇ ਵੀ ਗਲਤ ਹੈ, ਪਰਮੇਸ਼ੁਰ, ਉਹਨਾਂ ਨੂੰ ਸਾਫ਼ ਕਰ, ਉਹਨਾਂ ਨੂੰ ਆਪਣੇ ਬਣਾ। ਉਨ੍ਹਾਂ ਨੂੰ ਚੰਗਾ ਕਰ, ਪਿਤਾ। ਅਤੇ ਹੋਣ ਦੇ ਕਿ ਉਹ ਸ਼ਕਤੀ ਜਿਸਨੇ ਯਿਸੂ ਨੂੰ ਕਬਰ ਵਿੱਚੋਂ ਉਠਾਇਆ, ਉਹਨਾਂ ਦੀਆਂ ਮਰਨਹਾਰ ਦੇਹਾਂ ਨੂੰ ਜਿਲਾਵੇ ਅਤੇ ਉਹਨਾਂ ਨੂੰ ਮਸੀਹ ਵਿੱਚ ਨਵੀਆਂ ਰਚਨਾਵਾਂ ਬਣਾਵੇ। ਉਹਨਾਂ ਨੂੰ ਤੁਹਾਡੀ ਸੇਵਾ ਕਰਨ ਲਈ ਚੰਗੀ ਸਿਹਤ

ਅਤੇ ਤਾਕਤ ਦਿਓ।

168 ਮੈਨੂੰ ਯਾਦ ਕਰ, ਹੇ ਪ੍ਰਭੂ! ਮੈਂ ਤੇਰਾ ਸੇਵਕ ਹਾਂ। ਪ੍ਰਾਰਥਨਾ ਦੀ ਲੋੜ ਵਿੱਚ ਖੜ੍ਹੇ, ਮੇਰੀ ਮਦਦ ਕਰੋ। ਅਤੇ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਪਵਿੱਤਰ ਆਤਮਾ ਸਾਡੀ ਅਗਵਾਈ ਕਰੇ ਅਤੇ ਸਾਡੀ ਵਰਤੋਂ ਕਰੇ, ਅਤੇ ਸਾਡੀ ਉਸ ਦਿਨ ਤੱਕ ਅਗਵਾਈ ਕਰੇ ਜਦੋਂ ਤੱਕ ਅਸੀਂ ਯਿਸੂ ਮਸੀਹ ਨੂੰ ਉਸਦੀ ਸ਼ਾਨਦਾਰ ਆਮਦ ਤੇ ਆਹਮੋ-ਸਾਹਮਣੇ ਨਹੀਂ ਦੇਖਦੇ ਜਦੋਂ ਅਸੀਂ ਉਸ ਨੂੰ ਉਠਾਏ ਜਾਣ ਤੇ ਹਵਾ ਵਿੱਚ ਮਿਲਾਂਗੇ। ਮਸੀਹ ਦੇ ਨਾਮ ਵਿੱਚ ਅਸੀਂ ਇਸਨੂੰ ਮੰਗਦੇ ਹਾਂ। ਆਮੀਨ।

ਮੈਂ ਉਸਨੂੰ ਪਿਆਰ ਕਰਦਾ ਹਾਂ, ਮੈਂ…(ਕੀ ਤੁਸੀਂ?)
ਕਿਉਂਕਿ ਉਸਨੇ ਪਹਿਲਾਂ ਮੈਨੂੰ ਪਿਆਰ ਕੀਤਾ
ਅਤੇ ਮੇਰੀ ਮੁਕਤੀ ਨੂੰ ਖਰੀਦ ਲਿਆ
ਕਲਵਰੀ ਦੇ ਰੁੱਖ ਤੇ।

169 ਹੁਣ, ਜੇ ਤੁਸੀਂ ਇੱਕ ਦੂਜੇ ਨੂੰ ਪਿਆਰ ਨਹੀਂ ਕਰਦੇ ਜਿਨ੍ਹਾਂ ਨੂੰ ਤੁਸੀਂ ਦੇਖਿਆ ਹੈ, ਤਾਂ ਤੁਸੀਂ ਉਸ ਨੂੰ ਕਿਵੇਂ ਪਿਆਰ ਕਰੋਗੇ ਜਿਸਨੂੰ ਤੁਸੀਂ ਨਹੀਂ ਦੇਖਿਆ? ਹੁਣ ਜਦੋਂ ਅਸੀਂ *ਮੈਂ ਉਸਨੂੰ ਪਿਆਰ ਕਰਦਾ ਹਾਂ,* ਗਾਉਂਦੇ ਹਾਂ, ਤਾਂ ਆਓ ਅਸੀਂ ਆਪਣੇ ਗੁਆਂਢੀ ਨੂੰ ਪਿਆਰ ਨਾਲ ਦਿਲੋਂ ਹੱਥ ਮਿਲਾਈਏ।

ਮੈ ਉਸ ਨੂੰ ਪਿਆਰ ਕਰਦਾ ਹਾਂ…

ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ…?…ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ…?…ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ…?…ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ, ਭਾਈ ਨੇਵਿਲ…?…ਊਂ-ਹੂੰ। ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ…?…

ਕਲਵਰੀ ਦੇ ਰੁੱਖ ਤੇ।

ਹੁਣ ਅਸੀਂ ਉਸਦੇ ਲਈ ਆਪਣੇ ਹੱਥ ਖੜੇ ਕਰੀਏ।

ਮੈਂ ਉਸਨੂੰ ਪਿਆਰ ਕਰਦਾ ਹਾਂ, ਮੈਂ ਉਸਨੂੰ ਪਿਆਰ ਕਰਦਾ ਹਾਂ
ਕਿਉਂਕਿ ਉਸਨੇ ਪਹਿਲਾਂ ਮੈਨੂੰ ਪਿਆਰ ਕੀਤਾ ਸੀ
ਅਤੇ ਮੇਰੀ ਮੁਕਤੀ ਨੂੰ ਖਰੀਦ ਲਿਆ
ਕਲਵਰੀ ਦੇ ਰੁੱਖ ਤੇ।

170 ਇੱਕ ਚੰਗੇ ਗੀਤ ਲਈ, ਕੀ ਤੁਸੀਂ ਇੱਕ ਸੁਣਨਾ ਚਾਹੋਗੇ? ਮੈਂ ਸਮਝਦਾ ਹਾਂ ਕਿ ਸਾਡੇ ਕੋਲ ਇੰਡੀਆਨਾਪੋਲਿਸ ਤੋਂ ਇੱਥੇ ਇੱਕ ਪ੍ਰਚਾਰਕ ਗੀਤ ਆਗੂ ਹੈ। ਮੇਰਾ ਮੰਨਣਾ ਹੈ ਕਿ ਉਹ ਕੈਡਲ ਟੈਬਰਨੇਕਲ ਵਿਖੇ ਗਾਉਂਦੇ ਹਨ। ਕੀ ਇਹ ਸਹੀ ਹੈ? ਠੀਕ ਹੈ, ਸ਼੍ਰੀਮਾਨ। ਕੈਡਲ ਟੈਬਰਨੇਕਲ ਵਿੱਚ ਇਹ ਉਸਦੀ

ਜਗ੍ਹਾ ਹੈ। ਈ. ਹਾਵਰਡ ਕੈਡਲ ਕਿੰਨੇ ਲੋਕਾਂ ਨੂੰ ਯਾਦ ਹਨ? ਔਹ, ਮੇਰੇ! ਪਰਮੇਸ਼ੁਰ ਉਸਦੀ ਅਨਮੋਲ ਆਤਮਾ ਨੂੰ ਸ਼ਾਂਤੀ ਦੇਵੇ। ਹਵਾ ਦਾ ਵਿੱਚ ਉੱਡਣ ਵਾਲਾ ਇੱਕ ਪੰਛੀ, ਇੱਕ ਔਰਤ ਜਿਸਨੂੰ ਮੈਂ ਗਾਉਣਾ ਸੁਣਨਾ ਪਸੰਦ ਕਰਦਾ ਸੀ, ਕਿਸੇ ਵੀ ਵਿਅਕਤੀ ਨਾਲੋਂ ਬਿਹਤਰ ਜਿਸਨੂੰ ਮੈਂ ਆਪਣੀ ਜ਼ਿੰਦਗੀ ਵਿੱਚ ਗਾਉਂਦੇ ਸੁਣਿਆ ਹੈ, ਸ੍ਰੀਮਤੀ ਕੈਡਲ ਸੀ, ਗਾ ਰਹੀ ਸੀ, “ਜਦੋਂ ਤੁਸੀਂ ਅੱਜ ਸਵੇਰੇ ਆਪਣੇ ਕਮਰੇ ਤੋਂ ਨਿਕਲੇ, ਕੀ ਤੁਸੀਂ ਅੱਜ ਸਾਡੇ ਮੁਕਤੀਦਾਤਾ ਮਸੀਹ ਅੱਗੇ, ਇੱਕ ਢਾਲ ਦੇ ਰੂਪ ਵਿਹਕ ਪ੍ਰਾਰਥਨਾ ਕਰਨ ਬਾਰੇ ਸੋਚਿਆ ਹੈ?”

171 ਉੱਥੇ ਇੱਕ ਸਵੇਰ ਗਲੀ ਦੇ ਪਾਰ, ਦੋ ਕਮਰਿਆਂ ਵਾਲੀ ਇੱਕ ਛੋਟੀ ਜਿਹੀ ਪੁਰਾਣੀ ਝੁੱਗੀ ਵਿੱਚ, ਮੈਂ ਉੱਠਿਆ, ਅੰਦਰ ਜਾ ਕੇ ਅੱਗ ਬਾਲਣ ਜਾ ਰਿਹਾ ਸੀ। ਸਟੋਵ ਚਾਲੂ ਨਹੀਂ ਹੋ ਰਿਹਾ ਸੀ। ਅਤੇ ਮੈਂ ਇਸਨੂੰ ਚਾਲੂ ਕਰਰਣ ਦੀ ਕੋਸ਼ਿਸ਼ ਕੀਤੀ, ਅਤੇ ਹਵਾ ਹੇਠਾਂ ਆ ਗਈ, ਮੇਰੇ ਚਿਹਰੇ ਸਾਹਮਣੇ ਸਭ ਚੀਜ਼ ਨੂੰ ਉਡਾ ਦਿੱਤਾ। ਅਤੇ ਇਹ ਠੰਡਾ ਮੌਸਮ ਸੀ, ਅਤੇ ਮੈਂ ਲਗਭਗ ਜੰਮ ਗਿਆ ਸੀ। ਅਤੇ ਸਾਰੇ ਫਰਸ਼ ਉੱਤੇ ਕੋਰਾ ਪਿਆ ਸੀ, ਅਤੇ ਮੈਂ ਨੰਗੇ ਪੈਰ ਸੀ; ਇਸ ਛੋਟੇ ਜਿਹੇ ਪੁਰਾਣੇ ਟੀਨ ਦੇ ਸਟੋਵ ਨੂੰ ਚਾਲੂ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਇਸ ਤੇ ਛੋਟੀ ਜਿਹੀ ਪਾਈਪ ਸੀ। ਅਤੇ ਮੈਂ ਬਸ...ਮੈਡਾ ਤੇ ਮੇਰਾ ਵਿਆਹ ਨੂੰ ਥੋੜਾ ਚਿਰ ਹੋਇਆ ਸੀ। ਅਤੇ ਮੈਂ ਕੋਸ਼ਿਸ਼ ਕਰ ਰਿਹਾ ਸੀ, ਪੁਰਾਣੀ ਲੱਕੜ ਗਿੱਲੀ ਸੀ ਅਤੇ ਅੱਗ ਨਹੀਂ ਫੜਦੀ ਸੀ, ਅਤੇ ਮੈਂ ਉੱਥੇ ਬੈਠਾ ਸੀ, ਮੈਂ ਸੋਚਿਆ, “ਔਹ, ਮੇਰੇ! ਮੈਂ ਇਸ ਦੀ ਦੁਬਾਰਾ ਕੋਸ਼ਿਸ਼ ਕਰਾਂਗਾ।” ਕੰਮ ਤੇ ਜਾਣਾ ਸੀ, ਅਤੇ ਉਸ ਪੁਰਾਣੇ ਸਟੋਵ ਨੂੰ *ਉਸੇ* ਤਰ੍ਹਾਂ ਝੱਲ ਮਾਰ ਰਿਹਾ ਸੀ। ਅਤੇ ਮੈਂ ਹੱਥ ਵਧਾਇਆ ਅਤੇ ਰੇਡੀਓ ਨੂੰ ਚਾਲੂ ਕੀਤਾ, ਅਤੇ ਉਸਨੇ ਗਾਉਣਾ ਸ਼ੁਰੂ ਕਰ ਦਿੱਤਾ, “ਜਦੋਂ ਤੁਸੀਂ ਅੱਜ ਸਵੇਰੇ ਆਪਣੇ ਕਮਰੇ ਤੋਂ ਨਿਕਲੇ, ਕੀ ਤੁਸੀਂ ਪ੍ਰਾਰਥਨਾ ਕਰਨ ਬਾਰੇ ਸੋਚਿਆ ਸੀ,” ਮੈਂ ਉਸੇ ਵੇਲੇ ਫਰਸ਼ ਤੇ ਡਿੱਗ ਪਿਆ, “ਸਾਡੇ ਮੁਕਤੀਦਾਤਾ ਮਸੀਹ ਦੇ ਨਾਮ ਤੇ, ਅੱਜ ਇੱਕ ਢਾਲ ਵਜੋਂ?” ਔਹ, ਮੈਂ ਉਸ ਔਰਤ ਨੂੰ ਸੁਣਨਾ ਕਿੰਨਾ ਪਸੰਦ ਕਰਦਾ ਹਾਂ!

172 ਜਦੋਂ ਕਦੇ ਮੈਂ ਨਦੀ ਨੂੰ ਪਾਰ ਕਰਾਂਗਾ, ਮੈਨੂੰ ਵਿਸ਼ਵਾਸ ਹੈ ਕਿ ਮੈਂ ਸ਼੍ਰੀ ਮਤਿ ਕੈਡਲ ਨੂੰ ਉੱਥੇ ਬੈਠਾ ਸੁਣਾਂਗਾ। ਤੁਸੀਂ ਜਾਣਦੇ ਹੋ, ਮੈਂ ਹਮੇਸ਼ਾ ਇੱਕ ਮੁਲਾਕਾਤ ਰੱਖੀ ਹੈ। ਨਦੀ ਦੇ ਇਸ ਪਾਸੇ, ਸਦਾਬਹਾਰ ਰੁੱਖ ਹੈ, ਤੁਸੀਂ ਜਾਣਦੇ ਹੋ, ਜੀਵਨ ਦਾ ਰੁੱਖ; ਅਤੇ ਨਦੀ ਦੇ ਦੂਜੇ ਪਾਸੇ, ਇੱਕ ਦੂਤਾਂ ਦੀ ਗੀਤ ਮੰਡਲੀ ਦਿਨ ਰਾਤ ਗਾਉਂਦੀ ਰਹਿੰਦੀ ਹੈ, ਕਿਉਂਕਿ ਉੱਥੇ ਕੋਈ ਰਾਤ ਨਹੀਂ ਹੈ, ਸਾਰਾ ਦਿਨ ਗਾਓ, ਦੇਖੋ। ਮੈਂ ਆਪਣੇ ਆਪ ਨੂੰ ਲਈ ਇੱਕ ਜਗ੍ਹਾ ਲਵਾਂਗਾ ਅਤੇ ਬੱਸ ਪਿਛਾਂਹ ਬੈਠ ਜਾਵਾਂਗਾ ਅਤੇ ਇਸਨੂੰ ਸੁਣਾਂਗਾ। ਮੈਨੂੰ ਵਿਸ਼ਵਾਸ ਹੈ ਕਿ ਮੈਂ ਸ਼੍ਰੀਮਤੀ ਕੈਡਲ ਨੂੰ ਉੱਥੇ ਗਾਉਂਦੇ ਹੋਏ ਸੁਣਾਂਗਾ।

173 ਪਰਮੇਸ਼ੁਰ ਸਾਡੇ ਭਾਈ ਨੂੰ ਬਰਕਤ ਦੇਵੇ। ਮੈਂ ਉਸਦਾ ਨਾਮ ਭੁੱਲ ਗਿਆ ਹਾਂ। ਇਹ ਕੀ ਹੈ, ਭਾਈ? [ਭਾਈ ਕਹਿੰਦਾ ਹੈ, "ਨੇਡ ਵੂਲਮੈਨ।"—ਸੰਪਾ.] ਭਾਈ ਨੇਡ ਵੂਲਮੈਨ ਹੁਣ ਤੁਹਾਡੇ ਲਈ ਗਾਉਣਗੇ। ਭਾਈ ਵੂਲਮੈਨ, ਅੱਜ ਰਾਤ ਤੁਹਾਨੂੰ ਇੱਥੇ ਪਾ ਕੇ ਖੁਸ਼ੀ ਹੋਈ। [ਭਾਈ ਵੂਲਮੈਨ *ਮੇਰੇ ਦਿਲ ਦੀ ਹੈਕਲ* ਗਾਉਂਦੇ ਹਨ।]

62-1014E ਇੱਕ ਮਾਰਗਦਰਸ਼ਕ
ਬ੍ਰਾਨਹਾਮ ਟੇਬਰਨੇਕਲ
ਜੈਫਰਸਨਵਿਲੇ, ਇੰਡੀਆਨਾ ਸੰਯੁਕਤ ਰਾਜ ਅਮਰੀਕਾ

PUNJABI

©2024 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ। ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ। ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

Voice Of God Recordings, India Office
19 (New No: 28) Shenoy Road, Nungambakkam
Chennai 600 034, India
044 28274560 • 044 28251791
india@vgroffice.org

Voice Of God Recordings
P.O. Box 950, Jeffersonville, Indiana 47131 U.S.A.
www.branham.org